# FIRST INFORMATION REPORT

(Under Section 154 Cr.P.C.)
(ਅੱਵਲ ਸੂਚਨਾ ਰਿਪੋਰਟ )
(ਧਾਰਾ 154 ਦੰਡ ਪ੍ਰਕਿਰਿਆ ਸਹਿੰਤਾ ਦੇ ਤਹਿਤ )

**1.** District (ਜ਼ਿਲ੍ਹਾ ): PATIALA  P.S.(ਥਾਣਾ ): KOTWALI NABHA  Year(ਸਾਲ ): 2023

FIR No. (ਐਫ.ਆਈ.ਆਰ ਸੰ): 0041  Date and Time of FIR (ਐਫ.ਆਈ.ਆਰ ਦੀ ਤਰੀਕ ਅਤੇ ਸਮਾਂ ): 26/03/2023 18:43 hrs

Is FIR election related (Yes/No) (ਕੀ ਚੋਣ ਨਾਲ ਸੰਬੰਧਿਤ ਐਫ.ਆਈ.ਆਰ. ਹੈ?) (ਹਾਂ / ਨਹੀਂ)): No  Election Type ( ਚੋਣ ਦੀ ਕਿਸਮ ): NA

2.

| S.No.(ਲੜੀ ਨੰ.) | Acts (ਕਾਨੂੰਨ ) | Sections (ਧਾਰਾਵਾਂ) |
|---|---|---|
| 1 | IPC 1860 | 420 |
| 2 | IPC 1860 | 465 |
| 3 | IPC 1860 | 467 |
| 4 | IPC 1860 | 468 |
| 5 | IPC 1860 | 471 |
| 6 | IPC 1860 | 120-B |

3. (a) Occurrence of offence (ਅਪਰਾਧ ਦੀ ਘਟਨਾ):

1. Day(ਦਿਨ):  Date From (ਤਰੀਕ ਤੋਂ):  Date To (ਤਰੀਕ ਤਕ):

Time Period (ਸਮਾਂ ਮਿਆਦ):  Time From (ਸਮੇ ਤੋਂ):  Time To (ਸਮੇ ਤਕ):

(b) Information received at P.S.(ਥਾਣੇ ਵਿਚ ਸੂਚਨਾ ਪ੍ਰਾਪਤ ਹੋਣ ਦੀ ਮਿਤੀ ਅਤੇ ਸਮਾਂ): Date (ਮਿਤੀ): 25/03/2023  Time (ਸਮਾਂ): 15:00 hrs

(c) General Diary Reference (ਰੋਜਨਾਮਚਾ ਸੰਦਰਭ) : Entry No. (ਪ੍ਰਵਿਸ਼ਟੀ ਸੰ): 018  Date & Time (ਤਰੀਕ ਅਤੇ ਸਮਾ) : 26/03/2023 16:34 hrs

4. Type of Information (ਜਾਣਕਾਰੀ ਦੀ ਕਿਸਮ): Written

5. Place of Occurrence (ਘਟਨਾ ਸਥਾਨ ):

1. (a) Direction and distance from P.S. (ਥਾਣੇ ਤੋਂ ਦੂਰੀ ਅਤੇ ਦਿਸ਼ਾ): SOUTH-EAST, 1.5 Km(s)  Beat No. (ਬੀਟ ਸੰ.) :

(b) Address (ਪਤਾ): ਪ੍ਰੀਤ ਵਿਹਾਰ ਨਾਭਾ

(c) In case, outside the limit of this Police Station, then (ਜੇਕਰ ਥਾਣਾ ਸੀਮਾ ਤੋਂ ਬਾਹਰ ਹੈ ਤਾਂ)

Name of P.S (ਥਾਣੇ ਦਾ ਨਾਮ):  District(State) (ਜ਼ਿਲ੍ਹਾ ( ਰਾਜ ) ):

6. Complainant / Informant (ਸ਼ਿਕਾਇਤਕਰਤਾ /ਸੂਚਨਾਕਰਤਾ):

(a) Name (ਨਾਮ): ਹਰਲਵਲੀਨ ਸਿੰਘ

(b) Father's Name (ਪਿਤਾ ਦਾ ਨਾਮ) : ਲੇਟ ਨਵਤੇਜ ਸਿੰਘ

(c) Date/Year of Birth (ਜਨਮ ਤਰੀਕ/ਸਾਲ): 1983

(e) UID No(ਯੂਆਈਡੀ ਨੰ. ):

(d)Nationality(ਰਾਸ਼ਟਰੀਅਤਾ): INDIA

(f) Passport No. (ਪਾਸਪੋਰਟ ਨੰ.):

Date of Issue (ਜਾਰੀ ਕਰਨ ਦੀ ਮਿਤੀ):

Place of Issue
(ਜਾਰੀ ਕਰਨ ਦਾ ਸਥਾਨ ):

(g) Id details (Ration Card,Voter ID Card,Passport,UID No.,

| S.No. (ਲੜੀ ਨੰ:) | Id Type (ਪਛਾਣ ਪੱਤਰ ਦੀ ਕਿਸਮ ) | Id Number (ਪਛਾਣ ਨੰਬਰ) |
|---|---|---|
| 1 | | |

(h) Address (ਪਤਾ):

| S.No. (ਲੜੀ ਨੰ.) | Address Type (ਪਤੇ ਦੀ ਕਿਸਮ) | Address (ਪਤਾ) |
|---|---|---|
| 1 | Present Address | ਮਕਾਨ ਨੰ 20-ਡੀ ਮਾਡਲ ਟਾਊਨ ਪਟਿਆਲਾ,UNKNOWN,CIVIL LINES PATIALA, PATIALA,PUNJAB,INDIA |
| 2 | Permanent Address | ਮਕਾਨ ਨੰ 20-ਡੀ ਮਾਡਲ ਟਾਊਨ ਪਟਿਆਲਾ,UNKNOWN,CIVIL LINES PATIALA, PATIALA,PUNJAB,INDIA |

(i) Occupation (ਕਿੱਤਾ ):

(j) Phone number (ਟੈਲੀਫ਼ੋਨ ਨ):

Mobile (ਮੋਬਾਇਲ ਨੰ.): 91-9914600444

7. Details of known/suspected/unknown accused with full particulars (ਵਾਕਿਫ਼/ਸ਼ੱਕੀ/ਅਗਿਆਤ ਮੁਲਜ਼ਮ ਦਾ ਪੂਰੇ ਵੇਰਵੇ ਸਹਿਤ ਵਰਣਨ ):

Accused More Than(ਇੱਕ ਤੋ ਵੱਧ ਅਪਰਾਧੀ ਦੀ ਗਿਣਤੀ):

| S.No. (ਲੜੀ ਨ) | Name (ਨਾਮ ) | Alias (ਉਪਨਾਮ) | Relative's Name (ਰਿਸ਼ਤੇਦਾਰ ਦਾ ਨਾਮ) | Present Address (ਮੌਜੂਦਾ ਪਤਾ) |
|---|---|---|---|---|
| 1 | ਇਕਬਾਲ ਸਿੰਘ | | Father's Name : ਲੇਟ ਹਰਭਜਨ ਸਿੰਘ | 1. ਮਕਾਨ ਨੰ 158 ਪ੍ਰੀਤ ਵਿਹਾਰ ਨਾਭਾ, UNKNOWN,KOTWALI NABHA,PATIALA,PUNJAB, INDIA |
| 2 | ਹਰਪ੍ਰੀਤ ਸਿੰਘ | | Father's Name : ਲੇਟ ਹਰਭਜਨ ਸਿੰਘ | 1. ਮਕਾਨ ਨੰ 157 ਪ੍ਰੀਤ ਵਿਹਾਰ ਨਾਭਾ, UNKNOWN,KOTWALI NABHA,PATIALA,PUNJAB, INDIA |
| 3 | ਵੰਦਨਾ ਔਰੜਾ | | Father's Name : ਰੋਬਿਨ | 1. ਮਕਾਨ ਨੰ 184 ਪ੍ਰੀਤ ਵਿਹਾਰ ਨਾਭਾ, |

| | | | | |
|---|---|---|---|---|
| | | | ਔਰੜਾ | UNKNOWN,KOTWALI NABHA,PATIALA,PUNJAB, INDIA |

| | | | | |
|---|---|---|---|---|
| 4 | ਰਘਵੀਰ ਸਿੰਘ ਪਟਵਾਰੀ/ਕਾਨੂੰਗੋ | | Father's Name : ਦਿਆਲ ਸਿੰਘ | 1. ਸਿਨੇਮਾ ਰੋਡ ਨਵੀ ਬਸਤੀ ਨਾਭਾ, UNKNOWN,KOTWALI NABHA,PATIALA,PUNJAB, INDIA |

8. Reasons for delay in reporting by the complainant/informant (ਸ਼ਿਕਾਇਤਕਰਤਾ/ਸੂਚਨਾਕਰਤਾ ਰਾਹੀਂ ਰਿਪੋਰਟ ਦੇਰੀ ਨਾਲ ਦਰਜ ਕਰਾਉਣ ਦਾ ਕਾਰਨ):

9. Particulars of properties of interest (ਸਬੰਧਿਤ ਜਾਇਦਾਦ ਦਾ ਵੇਰਵਾ):

| S.No. (ਲੜੀ ਨੰ:) | Property Category (ਜਾਇਦਾਦ ਦੀ ਸ਼੍ਰੇਣੀ ) | Property Type (ਜਾਇਦਾਦ ਦੀ ਕਿਸਮ ) | Description (ਵੇਰਵਾ) | Value(In Rs/-) (ਰਕਮ (ਰੁ ਚ)) |
|---|---|---|---|---|

10. Total value of property stolen(In Rs/-) (ਚੋਰੀ ਹੋਈ ਜਾਇਦਾਦ ਦਾ ਕੁੱਲ ਮੁੱਲ( ਰੁ ਵਿੱਚ ) ):

11. Inquest Report / U.D. case No., if any (ਤਫਤੀਸ਼ੀ ਰਿਪੋਰਟ / ਯੂ.ਡੀ.ਪ੍ਰਕਰਣ ਸੰ. , ਜੇਕਰ ਕੋਈ ਹੋਵੇ):

| S.No. (ਲੜੀ ਨੰ.) | UIDB Number (ਯੂ.ਡੀ.ਪ੍ਰਕਰਣ ਸੰ.) |
|---|---|

12. First Information contents (ਵੇਰਵਾ):

☐ਇਸ ਵਕਤ ਇੱਕ ਦਰਖਾਸਤ ਨੰਬਰ 9955/ਪੇਸ਼ੀ ਮਿਤੀ 30.09.2022 ਵੱਲੋ ਹਰਲਵਲੀਨ ਸਿੰਘ ਪੁੱਤਰ ਲੇਟ ਨਵਤੇਜ ਸਿੰਘ ਵਾਸੀ ਮਕਾਨ ਨੰ 20-ਡੀ ਮਾਡਲ ਟਾਊਨ ਪਟਿਆਲਾ ਮਾਰਫਤ ਦਫਤਰ ਸ਼੍ਰੀਮਾਨ ਸੀਨੀਅਰ ਕਪਤਾਨ ਪੁਲਿਸ ਪਟਿਆਲਾ ਪਾਸੋ ਬਰਾਏ ਦਾਇਰੀ ਮੁਕੱਦਮਾ ਬਾ ਜੁਰਮ 420,465,467,468,471,120B IPC ਬਰਖਿਲਾਫ ਇਕਬਾਲ ਸਿੰਘ ਪੁੱਤਰ ਲੇਟ ਹਰਭਜਨ ਸਿੰਘ ਵਾਸੀ ਮਕਾਨ ਨੰ 158 ਪ੍ਰੀਤ ਵਿਹਾਰ ਨਾਭਾ, ਹਰਪ੍ਰੀਤ ਸਿੰਘ ਪੁੱਤਰ ਲੇਟ ਹਰਭਜਨ ਸਿੰਘ ਵਾਸੀ ਮਕਾਨ ਨੰ 157 ਪ੍ਰੀਤ ਵਿਹਾਰ ਨਾਭਾ, ਵੰਦਨਾ ਔਰੜਾ ਪਤਨੀ ਰੋਬਿਨ ਔਰੜਾ ਵਾਸੀ ਮਕਾਨ ਨੰ 184 ਪ੍ਰੀਤ ਵਿਹਾਰ ਨਾਭਾ, ਰਘਵੀਰ ਸਿੰਘ ਪਟਵਾਰੀ/ਕਾਨੂੰਗੋ ਪੁੱਤਰ ਦਿਆਲ ਸਿੰਘ ਵਾਸੀ ਸਿਨੇਮਾ ਰੋਡ ਨਵੀ ਬਸਤੀ ਨਾਭਾ ਦੇ ਦਰਜ ਕਰਾਉਣ ਲਈ ਸਮੇਤ ਪੜਤਾਲੀਆ ਰਿਪੋਰਟ ਰਾਹੀ ਡਾਕ ਥਾਣਾ ਮੌਸੂਲ ਹੋਈ ਹੈ ਜਿਸ ਦਾ ਮਜਬੂਨ ਜੈਲ ਹੈ,"To,The Senior Superintendent of Police,Patiala.Sub:For registration of FIR against (1) Sh. Harbhajan Singh son of Balwant Singh son of Kartar Singh, resident of Preet Vihar Nabha, (2) Raghbir Singh Kanungo, Nabha (3) Karamjit Singh, Naib Tehsildar, Nabha (4) Concerned (the then) Halqa Patwari of Village Nabha under section 406, 419, 420, 465, 467, 468, 471, 120-B IPC|Sir,With due respect, the applicant submits as under:, 1.That I am peace loving and law abiding citizen of India.2.That my father late Sh.Navtej Singh son of Sh.Iqbal Singh was owner in possession of a plot measuring 8 marlas,

situated at Village Nabha, District Patiala vide Vasika No. 1746 dated 29.06.2000, which was got executed by my grandmother Bhag Kaur wife of Iqbal Singh.Copy of the sale deed is attached herewith as Annexure A-1I3.That thereafter, the mutation No.18730 was entered and sanctioned in the name of my father as per the rules in the revenue record on 30.8.2000I4.That it is specifically pleaded before your goodself that my father expired on 08.01.2008 leaving behind my mother Smt. Nachhattar Kaur, myself, my elder brother Gurparshad Singh and my younger brother namely Gurtejwar Singh as his legal heirsI5. That few days back we thought of getting the properties left by my father amongst ourselves and when I visited the above said plot in question of my father I found a boundary wall constructed by my father was existing at the said plot and the same had been painted by someone and on making inquiries it was disclosed that the said plot had been sold by my father to accused Harbhajan Singh son of Balwant SinghI6.That on knowing the above said facts I was astonished and shocked as my father had never sold the said plot to anyone at any point of timeI 7.That thereafter on making enquiries from different ends and revenue department, I applied the certified copies of the revenue record and was shocked to know that the said plot has been sold to Harbhajan Singh son of Balwant Singh vide Vasika No.3251 dated 06.07.2009 for sale consideration of Rs. 13,25,000/-. Further as per the latest Jamabandi, the mutation of the said plot has also been entered in the name of accused Harbhajan Singh son of Balwant Singh vide Rapat No.856 dated 03.08.2020 and the mutation has been sanctioned by Assistant Collector Grade-2, Nabha vide Mutation No.37670 Dated 31.08.2020. Copy of the mutation register for Hadbast No.204 is attached for your kind perusal. Copy of the Jamabandi for the year 2015-16 of Village Nabha, Hadbast No.204 is also attached herewith for your kind perusalI8. That the bare perusal of the mutation register clearly depicts that the entry of mutation has been made and verified by one and the same person, who has signed in place of Halqa Patwari as well as Kanungo on 3.8.2020 and 17.8.2020.I9.That is humbly submitted before your goodself that my father Late S. Navtej Singh (PCS Retd.) expired

on 8th January 2008 and the alleged sale deed has been shown to be of 6.7.2009 bearing Vasika No.3251 of Village Nabha.।10.That the above said facts and circumstances makes it crystal clear that accused persons have impersonated my deceased father and wrongly and illegally got the sale deed of the above said plot executed in favour of accused Harbhajan Singh in connivance with the officials of the revenue department in order to cause wrongful loss to me and my family members and in order to cause wrongful gain to themselves.।11.That further it is also crystal clear that the accused officials of revenue department have committed gross violation of the rules by flouting and circumventing the provisions of Punjab Land Revenue Act in order to give undue benefit to the accused Harbhajan Singh and have also done the said act for extraneous considerations from the accused Harbhajan Singh by misusing their official positions.It is therefore prayed that in view of the above said facts and circumstances an FIR against (1) Sh. Harbhajan Singh son of Balwant Singh son of Kartar Singh, resident of Preet Vihar Nabha, (2) Raghbir Singh Kanungo, Nabha (3) Karamjit Singh, Naib Tehsildar, Nabha (4) Concerned (the then) Halqa Patwari of Village Nabha under section 406, 419, 420, 465, 467, 468, 471, 120-B IPC, may kindly be registered.Dated:,Submitted by:SD Harloveleen Singh S/o Late S. Navtej Singh, R/o 20-D, Model Town, Patiala M.No.99146-00444।ਜਿਸ ਪਰ ਸ੍ਰੀਮਾਨ ਸੀਨੀਅਰ ਕਪਤਾਨ ਪੁਲਿਸ ਪਟਿਆਲਾ ਜੀ ਵੱਲੋ ਰਾਹੀ ਨੰਬਰ 9955/Peshi ਮਿਤੀ 30.09.2022 ਲਿਖਿਆ IC EO Wing ਕਾਨੂੰਨ ਅਨੁਸਾਰ ਕਾਰਵਾਈ ਕਰਕੇ ਰਿਪੋਰਟ 7 ਦਿਨਾਂ ਦੇ ਅੰਦਰ-2 ਇਸ ਦਫਤਰ ਨੂੰ ਭੇਜੀ ਜਾਵੇ । ਪੜਤਾਲ ਕਰਨ ਸਮੇਂ ਮਲਟੀਪਲ ਇੰਕੁਆਰੀ ਸਬੰਧੀ ਜਾਰੀ ਹਦਾਇਤਾਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇ।ਇਕ ਰਘਵੀਰ ਸਿੰਘ ਉਕਤ ਵੱਲੋ ਮਾਨਯੋਗ IG ਸਾਹਿਬ ਪਟਿਆਲਾ ਜੀ ਦੇ ਦਿੱਤੀ ਗਈ ਜਿਸ ਦਾ ਮਜਬੂਨ ਜੈਲ ਹੈ,"ਸੇਵਾ ਵਿਖੇ,ਆਈ.ਜੀ. ਸਾਹਿਬ, ਪੰਜਾਬ ਪੁਲਿਸ, ਪਟਿਆਲਾ ਰੇਂਜ, ਪਟਿਆਲਾ।ਵਿਸ਼ਾ :- ਦਰਖਾਸਤ ਬਾਬਤ ਇੰਨਕੁਆਰੀ ਬਦਲੇ ਜਾਣੇ ਪਾਸੋਂ ਈ.ਓ. ਵਿੰਗ ਐਸ.ਐਸ.ਪੀ. ਦਫਤਰ ਪਟਿਆਲਾ ਬਰਖਿਲਾਫ ਹਰਭਜਨ ਸਿੰਘ ਪੁੱਤਰ ਬਲਵੰਤ ਸਿੰਘ,ਬਲਵਿੰਦਰ ਸਿੰਘ ਪਟਵਾਰੀ, ਰਘਵੀਰ ਸਿੰਘ (ਕੰਨਗੋ ਰਿਟਾਇਰਡ) ਅਤੇ ਕਰਮਜੀਤ ਸਿੰਘ ਸਾਬਕਾ ਨਾਇਬ ਤਹਿਸੀਲਦਾਰ ਨਾਭਾ, ਦਰਖਾਸਤ ਵੱਲੋਂ ਹਰਲਵਨੀਨ ਸਿੰਘ ਪੁੱਤਰ ਨਵਤੇਜ ਸਿੰਘ ਵਾਸੀ ਪਟਿਆਲਾ ਜਿਲੇ ਬਾਬਤ ਬਾਹਰ ਕਿਸੇ ਹੋਰ ਜ਼ਿਲ੍ਹੇ ਪਾਸੋਂ ਇੰਨਕੁਆਰੀ ਕਰਵਾਏ ਜਾਣੇ। ਸ੍ਰੀ ਮਾਨ ਜੀ,ਬੇਨਤੀ ਹੈ ਕਿ:1. ਇਹ ਕਿ ਉਪਰੋਕਤ ਹਰਲਵਲੀਨ ਸਿੰਘ ਨੇ ਮੇਰੇ (ਰਘਵੀਰ ਸਿੰਘ ਕੰਨੂਗੋ ਰਿਟਾਇਰਡ), ਹਰਭਜਨ ਸਿੰਘ ਪੁੱਤਰ ਬਲਵੰਤ ਸਿੰਘ, ਪਟਵਾਰੀ ਬਲਵਿੰਦਰ ਸਿੰਘ ਅਤੇ ਸਾਬਕਾ ਨਾਇਬ ਤਹਿਸੀਲਦਾਰ ਕਰਮਜੀਤ ਸਿੰਘ ਦੇ ਖਿਲਾਫ ਇੱਕ ਦਰਖਾਸਤ ਦਿੱਤੀ ਹੋਈ ਹੈ। ਇਸ ਦਰਖਾਸਤ ਦੀ ਇੰਨਕੁਆਰੀ ਈ.ਓ. ਵਿੰਗ ਐਸ.ਐਸ.ਪੀ. ਦੇ

ਦਫਤਰ ਪਟਿਆਲਾ ਵਿੱਚ ਚੱਲ ਰਹੀ ਹੈ।2) ਇਹ ਕਿ ਹਰਲਵਲੀਨ ਸਿੰਘ ਦੀ ਘਰਵਾਲੀ ਪਟਿਆਲਾ ਵਿਖੇ ਸਰਕਾਰੀ ਵਕੀਲ ਲੱਗੀ ਹੋਈ ਹੈ, ਜੋ ਕਿ ਪੁਲਿਸ ਤੇ ਆਪਣਾ ਵਾਰ-ਵਾਰ ਦਬਾਅ ਪਾ ਰਹੀ ਹੈ। ਇਸ ਲਈ ਪਟਿਆਲਾ ਪੁਲਿਸ ਪਾਸੋਂ ਇਨਸਾਫ ਦੀ ਸੰਭਾਵਨਾ ਬਿਲਕੁਲ ਨਹੀਂ ਹੈ।ਲਿਹਾਜਾ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਇੰਨਕੁਆਰੀ ਪਟਿਆਲਾ ਜ਼ਿਲੇ ਵਿੱਚੋਂ ਬਦਲ ਕੇ ਕਿਸੇ ਹੋਰ ਜ਼ਿਲੇ ਵਿੱਚ ਤਬਦੀਲ ਕੀਤੀ ਜਾਵੇ ਜੀ ਤਾਂ ਜੋ ਪ੍ਰਾਰਥੀ ਨੂੰ ਇਨਸਾਫ ਮਿਲ ਸਕੇ। ਮੈਂ ਆਪ ਜੀ ਦੀ ਅਤਿ ਧੰਨਵਾਦੀ ਹੋਵਾਂਗਾ।ਆਪ ਜੀ ਦਾ ਵਿਸ਼ਵਾਸਪਾਤਰ,SD ਰਘਵੀਰ ਸਿੰਘ ਪੁੱਤਰ ਦਿਆਲ ਸਿੰਘ,ਵਾਸੀ ਨਵੀ ਬਸਤੀ ਮੈਹਸ ਗੇਟ,ਨਾਭਾ,ਜ਼ਿਲਾ ਪਟਿਆਲਾ।ਮੋ: 98555-21016।ਜਿਸ ਪਰ ਮਾਨਯੋਗ IG ਸਾਹਿਬ ਪਟਿਆਲਾ ਜੀ SSP ਸਾਹਿਬ ਪਟਿਆਲਾ ਜੀ ਨੂੰ ਮਾਰਕ ਕਰਦੇ ਹੋਏ ਲਿਖਿਆ ਹੈ ਕਿ, "Enquiry already pending with I/C EOW PL expedite the same in judication Manner"ਜਿਸ ਪਰ ਸ੍ਰੀਮਾਨ ਸੀਨੀਅਰ ਕਪਤਾਨ ਪੁਲਿਸ ਪਟਿਆਲਾ ਜੀ ਵੱਲੋ ਰਾਹੀ ਨੰਬਰ 4301/OP ਮਿਤੀ 29.10.2022 ਲਿਖਿਆ ਹੈ ਕਿ IC EOW FOR N/A"।ਰਘਵੀਰ ਸਿੰਘ ਉਕਤ ਵੱਲੋ ਵਿਸਾ ਉਕਤ ਸਬੰਧੀ ਇਕ ਹੋਰ ਦਰਖਾਸਤ ਮਾਨਯੋਗ SSP ਸਾਹਿਬ ਪਟਿਆਲਾ ਜੀ ਦੇ ਦਿੱਤੀ ਗਈ ਜਿਸ ਪਰ ਸ੍ਰੀਮਾਨ ਸੀਨੀਅਰ ਕਪਤਾਨ ਪੁਲਿਸ ਪਟਿਆਲਾ ਜੀ ਵੱਲੋ ਰਾਹੀ ਨੰਬਰ 11188/ਪੇਸੀ ਮਿਤੀ 03.11.2022 ਲਿਖਿਆ ਹੈ ਕਿ IC EOW To Examine and comment"।ਰਘਵੀਰ ਸਿੰਘ ਉਕਤ ਵੱਲੋ ਵਿਸਾ ਉਕਤ ਸਬੰਧੀ ਇਕ ਹੋਰ ਦਰਖਾਸਤ ਮਾਨਯੋਗ SSP ਸਾਹਿਬ ਪਟਿਆਲਾ ਜੀ ਦੇ ਦਿੱਤੀ ਗਈ ਜਿਸ ਪਰ ਸ੍ਰੀਮਾਨ ਸੀਨੀਅਰ ਕਪਤਾਨ ਪੁਲਿਸ ਪਟਿਆਲਾ ਜੀ ਵੱਲੋ ਰਾਹੀ ਨੰਬਰ 11408/ਪੇਸੀ ਮਿਤੀ 10.11.2022 ਲਿਖਿਆ ਹੈ ਕਿ DSP ਟੈਰਫਿਕ"ਕਾਨੂੰਨ ਅਨੁਸਾਰ ਕਾਰਵਾਈ ਕਰਕੇ ਰਿਪੋਰਟ 7 ਦਿਨਾਂ ਦੇ ਅੰਦਰ-2 ਇਸ ਦਫਤਰ ਨੂੰ ਭੇਜੀ ਜਾਵੇ। ਪੜਤਾਲ ਕਰਨ ਸਮੇਂ ਮਲਟੀਪਲ ਇੰਕੁਆਰੀ ਸਬੰਧੀ ਜਾਰੀ ਹਦਾਇਤਾਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇ।ਮਾਨਯੋਗ SSP ਸਾਹਿਬ ਪਟਿਆਲਾ ਜੀ ਨੇ ਰਾਹੀ ਪੱਤਰ ਨੰਬਰ 4420/PC ਮਿਤੀ 17/11/22,4421/PC ਮਿਤੀ 17/11/22ਇੰਚਾਰਜ EOW ਨੂੰ ਲਿਖਿਆ ਹੈ ਕਿ," ਦਰਖਾਸਤ ਨੰਬਰੀ 11188/ਪੇਸੀ ਮਿਤੀ 03/11/2022 ਅਤੇ ਦਰਖਾਸਤ ਨੰਬਰੀ11408/ਪੇਸੀ ਮਿਤੀ 10/11/2022 ਸਬੰਧੀ ਸਾਰਾ ਰਿਕਾਰਡ ਤੁੰਰਤ ਇਸ ਦਫਤਰ ਨੂੰ ਘੱਲਿਆ ਜਾਵੇ ਤਾ ਜੋ ਦਰਖਾਸਤ ਸਬੰਧੀ ਪੜਤਾਲ ਇਕ ਜਗਾ ਤੇ ਮੁਕੰਮਲ ਹੋ ਸਕੇ।ਜਿਸ ਪਰ IC EOW ਸਾਹਿਬ ਨੇ ਰਾਹੀ ਪੱਤਰ 2478/5A/E.O.W PTL ਮਿਤੀ 21/11/22 ਨੇ ਦਰਖਾਸਤ ਨੰਬਰੀ 11188/ਪੇਸੀ ਮਿਤੀ 03/11/2022 ,ਦਰਖਾਸਤ ਨੰਬਰੀ11408/ਪੇਸੀ ਮਿਤੀ 10/11/2022 ਅਤੇ ਦਰਖਾਸਤ ਨੰਬਰੀ 9955/ਪੇਸੀ ਮਿਤੀ 10/11/2022 ਇੰਚਾਰਜ ਸਿਕਾਇਤ ਸਾਖਾ ਪਾਸ ਭੇਜੀਆ।ਜਿਸ ਪਰ ਸ੍ਰੀਮਾਨ ਸੀਨੀਅਰ ਕਪਤਾਨ ਪੁਲਿਸ ਪਟਿਆਲਾ ਜੀ ਵੱਲੋ ਰਾਹੀ ਨੰਬਰ 11188+9955/ਪੇਸੀ+4301/OP ਮਿਤੀ 22.11.2022 ਲਿਖਿਆ DSP Traffice 1. Matter is already pending with you,2.PL Expendite and put up report in 7 days ਜਿਸ ਪਰ ਸ੍ਰੀਮਾਨ ਉਪ ਕਪਤਾਨ ਪੁਲਿਸ, ਟ੍ਰੈਫਿਕ ਪਟਿਆਲਾ ਜੀ ਵੱਲੋ ਆਪਣੀ ਪੜਤਾਲੀਆ ਰਿਪੋਰਟ ਨੰਬਰ 100/ਸੀ/ਡੀ.ਐਸ.ਪੀ/ਟ੍ਰੈਫਿਕ ਪਟਿ:ਮਿਤੀ:20.03.2023 ਨਾਲ ਸ੍ਰੀਮਾਨ ਸੀਨੀਅਰ ਕਪਤਾਨ ਪੁਲਿਸ ਪਟਿਆਲਾ ਜੀ ਨੂੰ ਲਿਖਿਆ,"ਵੱਲੋ,ਉਪ ਕਪਤਾਨ ਪੁਲਿਸ, ਟ੍ਰੈਫਿਕ ਪਟਿਆਲਾ।ਸੇਵਾ ਵਿਖੇ, ਸੀਨੀਅਰ ਕਪਤਾਨ ਪੁਲਿਸ, ਪਟਿਆਲਾ । ਨੰਬਰ :100/5ਸੀ/ਡੀ ਐਸ ਪੀ/ਟ੍ਰੈਫਿਕ/ਪਟਿ:ਮਿਤੀ:20.3.2023ਵਿਸ਼ਾ:ਦਰਖਾਸਤ ਨੰਬਰੀ 11188/ਪੇਸ਼ੀ ਮਿਤੀ 03.11.2022,9955/ਪੇਸ਼ੀ ਮਿਤੀ 30-09-2022,4301/ ਓ.ਪੀ ਮਿਤੀ 29.10.2022,11408/ਪੇਸ਼ੀ

ਮਿਤੀ 10.11.2022 ਵੱਲੋ ਹਰਲਵਲੀਨ ਸਿੰਘ ਪੁੱਤਰ ਲੇਟ ਸ਼:ਨਵਤੇਜ ਸਿੰਘ ਵਾਸੀ ਮਕਾਨ ਨੰਬਰ 20-ਡੀ ਮਾਡਲ ਟਾਊਨ ਜਿਲਾ ਪਟਿਆਲਾ ਸਬੰਧੀ ਰਿਪੋਰਟ।ਸ਼੍ਰੀਮਾਨ ਜੀ,ਨੱਥੀ ਸ਼ੁਦਾ ਦਰਖਾਸਤ ਨੰਬਰੀ 9955/ਪੇਸ਼ੀ ਮਿਤੀ 30-09-2022 ਵੱਲੋ ਹਰਲਵਲੀਨ ਸਿੰਘ ਪੁੱਤਰ ਲੇਟ ਸ:ਨਵਤੇਜ ਸਿੰਘ ਪੁੱਤਰ ਲੇਟ ਸ ਇਕਬਾਲ ਸਿੰਘ ਵਾਸੀ ਮਕਾਨ ਨੰਬਰ 20ਡੀ ਮਾਡਲ ਟਾਊਨ ਪਟਿਆਲਾ ਨੇ ਬਰਖਿਲਾਫ ਹਰਭਜਨ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਮਕਾਨ ਨੰਬਰ 158 ਪ੍ਰੀਤ ਵਿਹਾਰ ਕਲੌਨੀ ਨਾਭਾ ,ਜਿਲਾ ਪਟਿਆਲਾ, ਰਘਵੀਰ ਸਿੰਘ ਕਾਨੂੰਗੋ ਨਾਭਾ ਅਤੇ ਕਰਮਜੀਤ ਸਿੰਘ ਨਾਇਬ ਤਹਿਸੀਲਦਾਰ ਨਾਭਾ ਅਤੇ ਹਲਕਾ ਪਟਵਾਰੀ ਨਾਭਾ ਦੇ ਬਾਬਤ ਪਲਾਟ ਦੀ ਜਾਅਲੀ ਰਜਿਸਟਰੀ ਕਰਵਾਕੇ ਧੋਖੇ ਨਾਲ ਹੜੱਪ ਕਰਨ ਸਬੰਧੀ ਅਤੇ ਦਰਖਾਸਤ ਨੰਬਰੀ 4301/ਓ.ਪੀ ਮਿਤੀ 29.10.2022 ,11188/ਪੇਸ਼ੀ ਮਿਤੀ 03.11.2022 ਤੇ 11408/ਪੇਸ਼ੀ ਮਿਤੀ 10.11.2022 ਵੱਲੋ ਬਾਬਤ ਹਰਲਵਲੀਨ ਸਿੰਘ ਉਕਤ ਵੱਲੋ ਦਿੱਤੀ ਦਰਖਾਸਤ ਦੀ ਇੰਨਕੁਆਰੀ ਬਾਹਰ ਕਿਸੇ ਹੋਰ ਜਿਲ੍ਹੇ ਪਾਸੋ ਕਰਵਾਏ ਜਾਣ ਸਬੰਧੀ ਪੜਤਾਲ ਲਈ ਮੋਸੂਲ ਹੋਈਆ ਸੀ। ਦਰਖਾਸਤ ਦੀ ਪੜਤਾਲ ਦੋਰਾਨ ਦ/ਕ ਹਰਲਵਲੀਨ ਸਿੰਘ ਉਕਤ ਨੂੰ ਸ਼ਾਮਲ ਦਰਖਾਸਤ ਪੜਤਾਲ ਕਰਕੇ ਬਿਆਨ ਲਿੱਖਿਆ ਗਿਆ ਜਿਸ ਨੇ ਆਪਣੇ ਬਿਆਨ ਵਿੱਚ ਲਿਖਵਾਇਆ ਕਿ, " ਮੇਰੇ ਪਿਤਾ ਸ਼ ਨਵਤੇਜ ਸਿੰਘ ਨੂੰ ਇੱਕ ਪਲਾਟ ਖੇਵਟ ਨੰਬਰ 936 ਖਤੋਨੀ ਨੰਬਰ 15022 ਖਸਰਾ ਨੰਬਰ 326 (7-4) ,325 // 1/2/4/2 (8-7,325/2ਮਿਨ(4-2) ਕੁੱਲ ਕਿਤੇ 3 ਤਦਾਦੀ 19 ਕਨਾਲ 13 ਮਰਲੇ ਵਿੱਚੋ 8/393 ਹਿੱਸਾ ਜੋ ਕਿ 8 ਮਰਲੇ ਵਾਕਾ ਰਕਬਾ ਨਾਭਾ ਕੁੱਲ 250 ਗੱਜ ਮੇਰੀ ਦਾਦੀ ਸ਼੍ਰੀਮਤੀ ਭਾਗ ਕੋਰ ਪਤਨੀ ਸ.ਇਕਬਾਲ ਸਿੰਘ ਪੁੱਤਰ ਮਾਹਾ ਸਿੰਘ ਨੇ ਰਾਹੀ ਵਸੀਕਾ ਨੰਬਰ 1746 ਮਿਤੀ 29.6.2000 ਬੈ ਕੀਤਾ ਸੀ। ਉਕਤ ਵਸੀਕੇ ਤੋ ਬਾਅਦ ਇੰਤਕਾਲ ਨੰਬਰ 18730 ਮਿਤੀ 30.8.2000 ਨੂੰ ਮੇਰੇ ਪਿਤਾ ਜੀ ਦੇ ਨਾਮ ਪਰ ਮੰਨਜੂਰ ਹੋ ਗਿਆ ਸੀ।ਮੇਰੇ ਪਿਤਾ ਜੀ ਦੀ ਮੌਤ ਮਿਤੀ 8.1.2008 ਨੂੰ ਪਟਿਆਲਾ ਵਿਖੇ ਹੋਈ ਸੀ ਅਤੇ ਮੇਰੇ ਪਿਤਾ ਜੀ ਤੋਂ ਬਾਅਦ ਅਸੀ ਉਪਰੋਕਤ ਤਿੰਨ ਭਰਾ ਅਤੇ ਮੇਰੇ ਮਾਤਾ ਸ਼੍ਰੀਮਤੀ ਨੱਛਤਰ ਕੋਰ ਉਹਨਾ ਦੇ ਕਾਨੂੰਨੀ ਵਾਰਸ ਹਾ।ਇਹ ਕਿ ਕੁੱਝ ਮਹੀਨੇ ਪਹਿਲਾ ਅਸੀ ਸਾਡੇ ਪਿਤਾ ਜੀ ਦੀ ਜਾਇਦਾਦ ਦਾ ਆਪਸ ਵਿੱਚ ਵੰਡ ਕਰਨ ਦੀ ਸਲਾਹ ਬਣਾਈ ਤਾ ਸਾਨੂੰ ਉਕਤ ਪਲਾਟ ਤੇ ਜਾ ਕੇ ਪਤਾ ਲੱਗਾ ਕਿ ਉਕਤ ਪਲਾਟ ਮੇਰੇ ਪਿਤਾ ਜੀ ਨੇ ਹਰਭਜਨ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਮਕਾਨ ਨੰਬਰ 158 ਪ੍ਰੀਤ ਵਿਹਾਰ ਨਾਭਾ ,ਜਿਲਾ ਪਟਿਆਲਾ ਨੂੰ ਵੇਚ ਦਿੱਤਾ ਹੈ,ਜਿਸ ਦੀ ਅਸੀ ਪੜਤਾਲ ਕੀਤੀ ,ਕਿਉਕੀ ਮੇਰੇ ਪਿਤਾ ਜੀ ਨੇ ਉਕਤ ਪਲਾਟ ਕਦੇ ਵੀ ਕਿਸੇ ਨੂੰ ਨਹੀ ਵੇਚਿਆ ਸੀ ।ਪੜਤਾਲ ਕਰਨ ਤੇ ਸਾਨੂੰ ਪਤਾ ਲੱਗਿਆ ਕਿ ਹਰਭਜਨ ਸਿੰਘ ਉਕਤ ਨੇ ਇੱਕ ਜਾਅਲੀ ਵਸੀਕਾ ਨੰਬਰ 3251 ਮਿਤੀ 6.7.2009 ਤਦਾਦੀ ਰਕਬਾ 8 ਮਰਲੇ (250 ਗੱਜ) ਜੋ 13,25000/- ਰੁਪਏ ਵਿੱਚ ਮੇਰੇ ਪਿਤਾ ਜੀ ਸ. ਨਵਤੇਜ ਸਿੰਘ ਪਾਸੋ ਖਰੀਦ ਕੀਤਾ ਹੈ ।ਜਦੋ ਉਕਤ ਪਲਾਟ ਦੀ ਮਾਲ ਵਿਭਾਗ ਦਾ ਰਿਕਾਰਡ ਚੈਕ ਕਰਵਾਇਆ ਤਾ ਪਤਾ ਲੱਗਿਆ ਕਿ ਉਕਤ ਪਲਾਟ ਦਾ ਇੰਤਕਾਲ ਰਾਹੀਂ ਰਪਟ ਨੰਬਰ 856 ਮਿਤੀ 3.8.2020 ਵੱਲੋ ਪਟਵਾਰੀ/ਕਾਨਗੋ ਰਘਵੀਰ ਸਿੰਘ ਵੱਲੋਂ ਦਰਜ ਕੀਤਾ । ਰਪਟ ਦੇ ਅਧਾਰ ਤੇ ਨਾਇਬ ਤਹਿਸੀਲਦਾਰ ਨਾਭਾ ਕਰਮਜੀਤ ਸਿੰਘ ਨੇ ਹਰਭਜਨ ਸਿੰਘ ਨਾਲ ਸਾਜਬਾਜ ਹੋ ਕੇ ਅਤੇ ਮਿਲੀ ਭੁਗਤ ਕਰਕੇ ਇੰਤਕਾਲ ਨੰਬਰ 37670 ਮਿਤੀ 31.8.2020 ਨੂੰ ਮੰਨਜੂਰ ਕਰਵਾ ਲਿਆ ਅਤੇ ਅੱਗੇ ਸਾਡਾ ਪਲਾਟ ਵੰਦਨਾ ਅਰੋੜਾ ਪਤਨੀ ਰੋਬਿਨ ਅਰੋੜਾ ਪੁੱਤਰ ਅਸ਼ੋਕ ਅਰੋੜਾ ਵਾਸੀ ਮਕਾਨ ਨੰਬਰ 184 ਪ੍ਰੀਤ ਵਿਹਾਰ ਨਾਭਾ,ਜਿਲਾ ਪਟਿਆਲਾ ਨੂੰ ਰਾਹੀ ਵਸੀਕਾ ਨੰਬਰ 2021-22/77/1/2776 ਮਿਤੀ 30.12.2021 ਨੂੰ 22,50000/- ਰੁਪਏ ਵਿੱਚ ਵੇਚ ਦਿੱਤਾ ਹੈ ਅਤੇ ਇਸ ਬਾਬਤ ਇੰਤਕਾਲ ਨੰਬਰ 39474 ਮਿਤੀ 28.2.2022 ਨੂੰ ਦਰਜ ਹੋ ਚੁੱਕਾ ਹੈ ਅਤੇ ਮਿਤੀ 14.3.2022 ਨੂੰ ਮੰਨਜੂਰ ਹੋ ਚੁੱਕਾ ਹੈ।ਉਕਤ ਵਸੀਕਾ ਨੰਬਰ

2776 ਮਿਤੀ 30.12.2021 ਦੇ ਸਮੇਂ ਹਰਭਜਨ ਸਿੰਘ ਗੰਭੀਰ ਤੋਰ ਤੇ ਬਿਮਾਰ ਸੀ ਜਿਸਦੀ ਇਲਾਜ ਦੋਰਾਨ ਮੌਤ ਮਿਤੀ (13.1.2022 ਨੂੰ ਹੋ ਗਈ ਸੀ ਅਤੇ ਉਕਤ ਰਜਿਸਟਰੀ ਦੇ ਸਾਰੇ ਪੈਸੇ ਹਰਭਜਨ ਸਿੰਘ ਉਸ ਦੀ ਘਰਵਾਲੀ ਸੁਰਜੀਤ ਕੋਰ ਅਤੇ ਉਸ ਦੇ ਦੋਨੋ ਪੁੱਤਰਾ ਨੇ ਲਏ ।ਉਕਤ ਵਸੀਕਾ ਨੰਬਰ 2776 ਮਿਤੀ 30.12.2021 ਉਕਤ ਵੰਦਨਾ ਅਰੋੜਾ ਅਤੇ ਉਸ ਦੇ ਘਰਵਾਲੇ ਰੋਬਿਨ ਅਰੋੜਾ ਨੇ ਸਭ ਕੁੱਝ ਜਾਣਦੇ ਹੋਏ ਖਰੀਦੀਆਂ ਹੈ,ਕਿ ਉਕਤ ਪਲਾਟ ਦਾ ਮਾਲਕ ਹਰਭਜਨ ਸਿੰਘ ਨਹੀਂ ਹੈ ,ਕਿਉਕੀ ਵੰਦਨਾ ਅਰੌੜਾ ਉਕਤ ਹਰਭਜਨ ਸਿੰਘ ਦੇ ਗੁਆਂਢ ਵਿੱਚ ਹੀ ਰਹਿੰਦੀ ਹੈ।ਉਕਤ ਰਘਵੀਰ ਸਿੰਘ ਪਟਵਾਰੀ/ਕਾਨਗੋ, ਕਰਮਜੀਤ ਸਿੰਘ ਨਾਇਬ ਤਹਿਸੀਲਦਾਰ, ਬਲਵਿੰਦਰ ਸਿੰਘ ਪਟਵਾਰੀ ਨੇ ਜਾਣ ਬੁੱਝ ਕੇ ਹਰਭਜਨ ਸਿੰਘ ਅਤੇ ਉਸ ਦੇ ਪਰਿਵਾਰ ਨਾਲ ਮਿਲ ਕੇ ਮੇਰੇ ਪਿਤਾ ਜੀ ਸ. ਨਵਤੇਜ ਸਿੰਘ ਦੇ ਉਕਤ ਪਲਾਟ ਨੂੰ ਜਾਅਲੀ ਦਸਤਾਵੇਜ਼ ਅਤੇ ਵਸੀਕਾ ਨੰਬਰ 3251 ਮਿਤੀ 6,7,2009,ਜੋ ਕਿ ਪਿੰਡ ਨੋਹਰਾ ਤਹਿਸੀਲ ਨਾਭਾ ,ਜਿਲਾ ਪਟਿਆਲਾ ਦਾ ਤਿਆਰ ਕਰਕੇ ਅਤੇ ਮਾਲ ਮਹਿਕਮੇ ਦੇ ਰੂਲਾ ਦੀ ਉਲੰਘਣਾ ਕਰਕੇ ਅਤੇ ਜਾਅਲੀ ਗਵਾਹ ਖੜੇ ਕਰਕੇ ਵੇਚ ਦਿੱਤਾ ਹੈ।ਬਿਆਨ ਦੀ ਕਾਪੀ ਨਾਲ ਲਫ ਹੈ।ਵਿਰੋਧੀ ਧਿਰ ਸੁਰਜੀਤ ਕੋਰ ਉਕਤ ਤੇ ਉਸ ਦੇ ਲੜਕੇ ਹਰਪ੍ਰੀਤ ਸਿੰਘ ਉਕਤ , ਰਘਵੀਰ ਸਿੰਘ ਪਟਵਾਰੀ/ਕਾਨਗੋ, ਕਰਮਜੀਤ ਸਿੰਘ ਨਾਇਬ ਤਹਿਸੀਲਦਾਰ, ਬਲਵਿੰਦਰ ਸਿੰਘ ਪਟਵਾਰੀ ਅਤੇ ਅਸ਼ੋਕ ਕੁਮਾਰ ਉਕਤ ਨੂੰ ਸ਼ਾਮਲ ਪੜਤਾਲ ਦਰਖਾਸਤ ਕਰਕੇ ਬਿਆਨ ਲਿਖੇ ਗਏ ।ਸੁਰਜੀਤ ਕੋਰ ਉਕਤ ਨੇ ਆਪਣੇ ਬਿਆਨ ਵਿੱਚ ਲਿਖਵਾਇਆ ਕਿ ਮੇਰੇ ਪਤੀ ਹਰਭਜਨ ਸਿੰਘ ਉਕਤ ਦੀ ਬਿਮਾਰ ਹੋਣ ਕਰਕੇ ਮਿਤੀ 13.1.2022 ਨੂੰ ਮੌਤ ਹੋ ਗਈ ਸੀ ,ਮੌਤ ਸਬੰਧੀ ਸਰਟੀਫਿਕੇਟ ਦੀ ਕਾਪੀ ਆਪ ਜੀ ਦੇ ਪੇਸ਼ ਕਰਦੀ ਹਾ।ਮੇਰੇ ਪਾਸ 3 ਬੱਚੇ ਹਨ ਸਭ ਤੋਂ ਵੱਡੀ ਬੇਟੀ ਕਰਨਵੀਰ ਕੋਰ ਹੈ ਜੋ ਸ਼ਾਦੀ ਸ਼ੁਦਾ ਹੈ ਅਤੇ ਵਿਦੇਸ਼ ਵਿੱਖੇ ਰਹਿੰਦੀ ਹੈ, ਉਸ ਤੋ ਛੋਟਾ ਬੇਟਾ ਹਰਪ੍ਰੀਤ ਸਿੰਘ ਜੋ ਕਿ ਆਪਣੇ ਪਰਿਵਾਰ ਸਮੇਤ ਮਕਾਨ ਨੰਬਰ 157 ਪ੍ਰੀਤ ਵਿਹਾਰ ਨਾਭਾ,ਜਿਲਾ ਪਟਿਆਲਾ ਵਿੱਖੇ ਰਹਿੰਦਾ ਹੈ ਅਤੇ ਉਸ ਤੋ ਛੋਟਾ ਬੇਟਾ ਇਕਬਾਲ ਸਿੰਘ ਜੋ ਸਮੇਤ ਪਰਿਵਾਰ ਵਿਦੇਸ਼ ਕਨੈਡਾ ਵਿੱਖੇ ਹੀ ਰਹਿੰਦਾ ਹੈ ।ਮੈਨੂੰ ਹਰਲਵਲੀਨ ਸਿੰਘ ਉਕਤ ਵੱਲੋ ਦਿੱਤੀ ਦਰਖਾਸਤ ਵਿੱਚ ਜਿਕਰ ਕਿਤੇ ਪਲਾਟ ਸਬੰਧੀ ਕੋਈ ਵੀ ਜਾਣਕਾਰੀ ਨਹੀ ਹੈ ਅਤੇ ਨਾ ਹੀ ਮੇਰੀ ਉਕਤ ਪਲਾਟ ਦੇ ਖਰੀਦਣ ਜਾ ਵੇਚਣ ਵਿੱਚ ਕੋਈ ਸ਼ਮੂਲੀਅਤ ਹੈ ਅਤੇ ਹਰਪ੍ਰੀਤ ਸਿੰਘ ਨੇ ਆਪਣੇ ਬਿਆਂਨਾ ਵਿੱਚ ਲਿਖਵਾਇਆ ਹੈ ਕਿ ਮੈ ਮਾਹ ਅਕਤੂਬਰ ਸਾਲ 2021 ਤੋਂ ਆਪਣੀ ਪਤਨੀ ਤੇ ਬੱਚਿਆ ਨਾਲ ਆਪਣੇ ਮਾਤਾ/ਪਿਤਾ ਤੋ ਅਲੱਗ ਉਕਤ ਪਤੇ ਵਾਲੇ ਘਰ ਵਿੱਚ ਰਹੀ ਰਿਹਾ ਹਾਂ।ਮੈਨੂੰ ਹਰਲਵਲੀਨ ਸਿੰਘ ਉਕਤ ਵੱਲੋ ਦਿੱਤੀ ਦਰਖਾਸਤ ਵਿੱਚ ਜਿਕਰ ਕਿਤੇ ਪਲਾਟ ਸਬੰਧੀ ਕੋਈ ਵੀ ਜਾਣਕਾਰੀ ਨਹੀਂ ਹੈ ਅਤੇ ਨਾ ਹੀ ਮੈਨੂੰ ਉਕਤ ਪਲਾਟ ਦੇ ਖਰੀਦਣ ਜਾ ਵੇਚਣ ਬਾਰੇ ਕੁੱਝ ਪਤਾ ਹੈ,ਕਿਊਕਿ ਮੈ ਆਪਣੇ ਪਿਤਾ ਜੀ ਦੀ ਮੋਤ ਤੋ ਕਰੀਬ 4/5 ਮਹੀਨੇ ਪਹਿਲਾ ਹੀ ਆਪਣੇ ਬੱਚਿਆ ਸਮੇਤ ਅਲੱਗ ਰਹਿਣ ਲੱਗ ਪਿਆ ਸੀ ।ਬਲਵਿੰਦਰ ਸਿੰਘ ਪਟਵਾਰੀ ਦੇ ਆਪਣੇ ਬਿਆਂਨਾ ਵਿੱਚ ਲਿਖਵਾਇਆ ਕਿ ਮੈ ਮਾਹ ਨਵੰਬਰ 2019 ਤੋ ਮਿਤੀ 01.9.2021 ਤੱਕ ਹਲਕਾ ਨਾਭਾ ਵਿੱਖੇ ਬਤੋਰ ਪਟਵਾਰੀ ਤਾਇਨਾਤ ਰਿਹਾ ਹਾ।ਮੈ ਡੇਂਗੂ ਬਿਮਾਰੀ ਨਾਲ ਪੀੜੀਤ ਹੋਣ ਕਰਕੇ ਮਿਤੀ 23.7.2020 ਤੋ ਮਿਤੀ 17.8.2020 ਤੱਕ ਮੈਡੀਕਲ ਲੀਵ ਪਰ ਰਿਹਾ ਹਾਂ ਤੇ ਮੈਡੀਕਲ ਲੀਵ ਦੀਆਂ ਕਾਪੀਆ ਆਪ ਜੀ ਦੇ ਪੇਸ਼ ਕਰਦਾ ਹਾਂ।ਜੋ ਇੰਤਕਾਲ ਨੰ 37670 ਮੰਨਜੂਰ ਮਿਤੀ 31.8.2020 ਵਸੀਕਾ ਨੰ 3251 ਮਿਤੀ 6.7.2009 ਦਾ ਬੈ ਦਾ ਇੰਤਕਾਲ ਮੰਨਜੂਰ ਹੋਇਆ ਹੈ ਉਸ ਸਮੇ ਮੈ ਮੈਡੀਕਲ ਲੀਵ ਪਰ ਸੀ ਅਤੇ ਉਸ ਸਮੇਂ ਹਲਕਾ ਨਾਭਾ ਦਾ ਚਾਰਜ ਆਰਜੀ ਤੋਰ ਪਰ ਰਘਬੀਰ ਸਿੰਘ ਕਾਨੂੰਗੋ ਇੰਚਾਰਜ ਹਲਕਾ ਪਟਵਾਰੀ ਨਾਭਾ ਪਾਸ ਰਿਹਾ ਹੈ।ਰਘਵੀਰ ਸਿੰਘ ਦੇ ਆਪਣੇ ਬਿਆਨਾ ਵਿੱਚ ਲਿਖਵਾਇਆਂ ਹੈ ਕਿ , ਮੈ ਮਿਤੀ 3.8.2020 ਨੂੰ ਬਤੋਰ ਫੀਲਡ ਕਾਨੂੰਗੋ ਨਾਭਾ ਵਿੱਖੇ ਤਾਇਨਾਤ ਸੀ ਅਤੇ ਉਸ ਸਮੇ ਦੇ ਹਲਕਾ ਪਟਵਾਰੀ

ਬਲਵਿੰਦਰ ਸਿੰਘ ਬਿਮਾਰ ਹੋਣ ਕਾਰਨ ਛੁੱਟੀ ਪਰ ਸੀ ,ਜਿਸ ਕਰਕੇ ਉਸਦੇ ਹਲਕੇ ਦਾ ਵਾਧੂ ਚਾਰਜ ਨਾਇਬ ਤਹਿਸੀਲਦਾਰ ਨਾਭਾ (ਸੀ. ਆਰ.ਓ )ਦੇ ਹੁਕਮਾ ਅਨੁਸਾਰ ਆਰਜੀ ਤੋਰ ਪਰ ਮਿਤੀ 23.7.2020 ਤੋ ਮਿਤੀ 17.8.2020 ਤੱਕ ਮੇਰੇ ਪਾਸ ਸੀ ।ਇਸ ਸਮੇ ਦੋਰਾਨ ਮਿਤੀ 03.08.2020 ਨੂੰ ਹਰਭਜਨ ਸਿੰਘ ਪੁੱਤਰ ਬਲਵੰਤ ਸਿੰਘ ਨੇ ਇੱਕ ਰਾਜਿਸਟਰੀ ਬੈ ਵਸੀਕਾ ਨੰਬਰ 3251 ਮਿਤੀ 6.7.2009 ਪੇਸ਼ ਕੀਤੀ ਜਿਸ ਦੀ ਰਪਟ ਰੋਜਨਾਮਚਾ ਵਾਕਿਆਤੀ ਰਪਟ ਨੰਬਰ 856 ਮਿਤੀ 3.8.2020 ਦਰਜ ਕੀਤੀ ਗਈ ਜਿਸ ਦੇ ਮੁਤਾਬਕ ਇਸ ਵਸੀਕੇ ਰਾਹੀ ਖੇਵਟ ਨੰਬਰ 936 ਖਤੋਨੀ 1522 ਨੰਬਰ ਖਸਰਾ 326 ਰਕਬਾ (7-4),ਨੰਬਰ ਖਸਰਾ 325/1/2/4/2 ਰਕਬਾ (8-7), ਨੰਬਰ ਖਸਰਾ 325/2 ਮਿੰਨ ਰਕਬਾ(4-2) ਕੀਤੇ 3 ਕੁੱਲ ਰਕਬਾ 19-13 ਵਿੱਚੋ 8/993 ਹਿਸਾ ਬਕਦਰ 0-8 ਵੱਲੋ ਨਵਤੇਜ ਸਿੰਘ ਪੁੱਤਰ ਇਕਬਾਲ ਸਿੰਘ ਪੁੱਤਰ ਮਹਾਂ ਸਿੰਘ ਬਾਹੱਕ ਹਰਭਜਨ ਸਿੰਘ ਉਕਤ ਬੈ ਹੋਇਆ ਬਦਲੇ 13 ਲੱਖ 25 ਹਜ਼ਾਰ ਰੁਪਏ ਵਾਕਾ ਰਕਬਾ ਪਿੰਡ ਨਾਭਾ ਸੀ ਪ੍ਰਾਰਥੀ ਵੱਲੋ ਇੰਤਕਾਲ ਦਰਜ ਕਰਨ ਦੀ ਬੇਨਤੀ ਕੀਤੀ ਗਈ ਜੋ ਕੇ ਲੈਡ ਰਿਕਾਰਡ ਦੇ ਪਹਿਰਾ ਨੰਬਰ 7.1 ਅਨੁਸਾਰ ਇੰਤਕਾਲ ਨੰਬਰ 37670 ਵੱਲੋ ਨਵਤੇਜ ਸਿੰਘ ਬਾ ਹੱਕ ਹਰਭਜਨ ਸਿੰਘ ਨੇ ਨਾਮ ਇੰਤਕਾਲ ਦਰਜ ਹੋਇਆ ਜੋ ਕੇ ਮਹਿਕਲਾ ਦੇ ਰੂਲ ਮੁਤਾਬਕ ਹੋਇਆ ਹੈ ਇੰਤਕਲ ਦਰਜ ਕਰਨ ਤੋ ਉਪਰੰਤ ਰਾਜਿਸਟਰੀ ਹਰਭਜਨ ਸਿੰਘ ਨੂੰ ਵਾਪਸ ਕਰ ਦਿਤੀ ਮੇਰੇ ਕੋਲ ਫੀਲਡ ਕਾਨੂੰਗੋ ਨਾਭਾ ਦਾ ਚਾਰਜ ਹੋਣ ਕਾਰਨ ਇਹ ਇੰਤਕਾਲ ਹੋਰ ਇੰਤਕਾਲਾ ਸਮੇਤ ਮਿਤੀ 17.8.2020 ਨੂੰ ਮੁਕਾਬਲਾ ਕੀਤਾ ਗਿਆ ਹੈ ਇੰਤਕਾਲ ਪਰ ਨੋਟ ਦਰਜ ਕਰਕੇ ਸਾਬਕਾ ਰਿਕਾਰਡ ਦਰੁਸਤ ਹੈ ਮੈ ਸਿਰਫ ਆਪਣੀ ਡਿਊਟੀ ਪੂਰੀ ਕੀਤੀ ਹੈ ਇਹ ਇੰਤਕਾਲ ਨਾਇਬ ਤਹਿਸੀਲਦਾਰ (ਸੀ.ਆਰ.ਓ) ਨਾਭਾ ਨੇ ਮਿਤੀ 31.8.2020 ਨੂੰ ਮੰਨਜੂਰ ਕੀਤਾ ਹੈ ਇਸ ਸਬੰਧੀ ਮੈ ਰਿਕਾਰਡ ਆਪ ਜੀ ਦੇ ਪੇਸ਼ ਕੀਤਾ ਹੈ ।ਕਰਮਜੀਤ ਸਿੰਘ ਨਾਇਬ ਤਹਿਸੀਲਦਾਰ ਸਬ ਤਹਿਸੀਲ ਮੱਖੂ ਤਹਿਸੀਲ ਜੀਰਾ ਜਿਲ੍ਹਾ ਫਿਰੋਜਪੁਰ ਨੇ ਆਪਣੇ ਬਿਆਨਾਂ ਵਿੱਚ ਲਿਖਵਾਇਆ ਕਿ ਮੈ ਮਿਤੀ 31.8.2020 ਨੂੰ ਤਹਿਸੀਲ ਨਾਭਾ ਜਿਲਾ ਪਟਿਆਲਾ ਵਿੱਖੇ ਬਤੋਰ ਨਾਇਬ ਤਹਿਸੀਲਦਾਰ ਤਾਇਨਾਤ ਸੀ । ਜੋ ਸ਼ਿਕਾਇਤ ਹਰਲਵਲੀਤ ਸਿੰਘ ਨੇ ਇੰਤਕਾਲ ਨੰਬਰ 37670 ਸਬੰਧੀ ਕੀਤੀ ਹੈ ,ਇਹ ਇੰਤਕਾਲ ਨੰਬਰ 37670 ਰਘਵੀਰ ਸਿੰਘ ਬਤੋਰ ਪਟਵਾਰੀ ਦਰਜ ਕੀਤਾ ਗਿਆਂ ਸੀ ਅਤੇ ਉਕਤ ਇੰਤਕਾਲ ਦਾ ਮੁਕਾਬਲਾ ਰਘਵੀਰ ਸਿੰਘ ਬਤੋਰ ਫੀਲਡ ਕਾਨੰਗੋ ਕੀਤਾ ਹੋਇਆ ਸੀ ।ਜਦੋ ਇੰਤਕਾਲ ਰਘਵੀਰ ਸਿੰਘ ਨੇ ਮੇਰੇ ਪੇਸ਼ ਕੀਤਾ ਸੀ ਤਾਂ ਉਸ ਸਮੇ ਰਘਵੀਰ ਸਿੰਘ ਨੇ ਇਕ ਵਸੀਕਾ ਨੰਬਰ 3251 ਮਿਤੀ 06.07.2009 ਦੀ ਫੋਟੋ ਸਟੇਟ ਕਾਪੀ ਮੇਰੇ ਪੇਸ਼ ਕੀਤੀ ਸੀ ਅਤੇ ਕਿਹਾ ਕਿ ਜੋ ਇਹ ਕਿ ਇੰਤਕਾਲ ਦੀ ਮੈਂ ਬਤੋਰ ਪਟਵਾਰੀ/ਕਾਨੰਗੋ ਪੜਤਾਲ ਕਰ ਲਈ ਹੈ ,ਇੰਤਕਾਲ ਸਹੀ ਵ ਦਰੁਸਤ ਹੈ,ਜਿਸ ਦੇ ਵਿਸ਼ਵਾਸ ਤੇ ਮੈ ਇੰਤਕਾਲ ਨੰਬਰ 37670 ਮਿਤੀ 31.08.2020 ਨੂੰ ਮੰਨਜੂਰ ਕਰ ਦਿੱਤਾ ਸੀ ।ਜਦੋ ਮਿਤੀ 26.10.2022 ਨੂੰ ਹਰਲਵਲੀਨ ਸਿੰਘ ਵੱਲੋ ਸ਼ਿਕਾਇਤ ਕਰਨ ਉਪਰੰਤ ਮੈਨੂੰ ਪਤਾ ਲੱਗਾ ਕਿ ਰਘਵੀਰ ਸਿੰਘ ਦੇ ਵਿਸ਼ਵਾਸ ਤੇ ਜੋ ਇੰਤਕਾਲ ਮੰਨਜੂਰ ਕੀਤਾ ਗਿਆ ਸੀ ਉਹ ਵਸੀਕਾ ਗਲਤ ਹੈ।ਇਸ ਵਸੀਕਾ ਦੀ ਘੋਖ ਤਹਿਸੀਲ ਨਾਭਾ ਦਫਤਰ ਵਿੱਚ ਕੀਤੀ ਗਈ ਤਾ ਵਸੀਕਾ ਨੰਬਰ 3251 ਮਿਤੀ 06.07.2009 ਵਿੱਚ ਰਜਿਸਟਰੀ ਫੋਟੋ ਮੁਤਾਬਿਕ ਰਜਿਸਟਰਡ ਨਹੀਂ ਹੋਇਆਂ,ਜਿਸ ਕਰਕੇ ਇੰਤਕਾਲ ਨਾਲ ਜੋ ਰਜਿਸਟਰੀ ਫੋਟੋ ਸਟੇਟ ਰਘਵੀਰ ਸਿੰਘ ਵੱਲੋਂ ਪੇਸ਼ ਕੀਤੀ ਗਈ ਉਹ ਗਲਤ ਸੀ ਜਿਸ ਮੁਤਾਬਿਕ ਇੰਤਕਾਲ ਗਲਤ ਮੰਨਜੂਰ ਹੋ ਗਿਆ ਹੈ।ਜੋ ਮੈ ਉਸ ਸਮੇਂ ਹੀ ਇਸ ਇੰਤਕਾਲ ਨੂੰ ਰੀਵਿਊ ਕਰਨ ਦੇ ਸਬੰਧ ਵਿੱਚ ਮਾਨਯੋਗ ਡਿਪਟੀ ਕਮਿਸ਼ਨਰ ਪਟਿਆਲਾ ਜੀ ਦੇ ਦਫਤਰ ਦਰਖਾਸਤ ਦੇ ਦਿੱਤੀ ਸੀ।ਜੋ ਇਹ ਇੰਤਕਾਲ ਨੂੰ ਨਾ ਮੰਨਜੂਰ ਕਰਨ ਸਬੰਧੀ ਕਾਰਵਾਈ ਚੱਲ ਰਹੀ ਹੈ। ਜਦੋਂ ਰਘਵੀਰ ਸਿੰਘ ਕਾਨੰਗੋ ਨੇ ਮੇਰੇ ਪਾਸੋ ਇਹ ਇੰਤਕਾਲ ਭਰੋਸੇ ਵਿੱਚ ਲੈ ਕੇ ਮੰਨਜੂਰ ਕਰਵਾਇਆਂ ਸੀ ਉਸ ਸਮੇ ਹਲਕਾ

ਨਾਭਾ ਦਾ ਬਤੌਰ ਪਟਵਾਰੀ ਐਡੀਸ਼ਨ ਚਾਰਜ ਤੇ ਹਲਕਾ ਕਾਨੂੰਗੋ ਨਾਭਾ ਦਾ ਵੀ ਚਾਰਜ ਰਘਵੀਰ ਸਿੰਘ ਪਾਸ ਸੀ।ਜੋ ਬਤੋਰ ਪਟਵਾਰੀ ਤੇ ਕਾਨੂੰਗੋ ਦੋਵਾ ਦਾ ਚਾਰਜ ਰਘਵੀਰ ਸਿੰਘ ਪਾਸ ਹੋਣ ਕਰਕੇ ਇਸ ਨੇ ਮੈਨੂੰ ਤਸਲੀ ਕਰਕੇ ਦੱਸਿਆਂ ਸੀ ਕਿ ਮੈਂ ਰਿਕਾਰਡ ਨੂੰ ਚੈਕ ਕਰ ਲਿਆ ਹੈ ਜੋ ਰਜਿਸਟਰੀ ਸਹੀ ਹੋਈ ਹੈ ਅਤੇ ਅਸਲ ਰਜਿਸਟਰੀ ਮੈ ਇੰਤਕਾਲ ਕਰਵਾਉਣ ਵਾਲ ਧਿਰ ਨੂੰ ਵਾਪਸ ਕਰ ਦਿੱਤੀ ਹੈ ।ਇਸ ਨੇ ਮੈਨੂੰ ਵਿਸ਼ਵਾਸ਼ ਵਿੱਚ ਲੈ ਕੇ ਮੇਰੇ ਪਾਸੋ ਇੰਤਕਾਲ ਮੰਨਜ਼ੂਰ ਕਰਵਾਇਆਂ ਸੀ ।ਜੋ ਇਹ ਸਾਰੀ ਜਿੰਮੇਵਾਰੀ ਰਘਵੀਰ ਸਿੰਘ ਦੀ ਬਣਦੀ ਸੀ ।ਜੋ ਇੰਤਕਾਲ ਮੰਨਜ਼ੂਰ ਕਰਾਉਣ ਤੋ ਪਹਿਲਾ ਉਸ ਵੱਲੋ ਹੀ ਰਿਕਾਰਡ ਵੈਰੀਫਾਰੀ ਕਰਨਾ ਬਣਦਾ ਸੀ,ਕਿਉਕਿ ਇਸ ਸਬੰਧੀ ਸਾਰਾ ਅਸਲ ਰਿਕਾਰਡ ਰਘਵੀਰ ਕਾਨੂੰਗੋ ਦੇ ਚਾਰਜ ਵਿੱਚ ਹੀ ਸੀ।ਜੋ ਹਰਲਵਨੀਨ ਸਿੰਘ ਨੇ ਮੇਰੇ ਪਰ ਦੋਸ਼ ਲਗਾਏ ਉਹ ਗਲਤ ਹਨ ਜੋ ਮੈਨੂੰ ਪਤਾ ਲੱਗਾ ਤੇ ਮੈ ਪਹਿਲਾ ਹੀ ਰਘਵੀਰ ਸਿੰਘ ਨੇ ਭਰੋਸੇ ਵਿੱਚ ਲੈਕੇ ਗਲਤ ਮੰਨਜ਼ੂਰ ਕਰਾਏ ਇੰਤਕਾਲ ਦੀ ਦੁਬਾਰਾ ਨਜ਼ਰਸ਼ਾਨੀ ਕਰਨ ਸਬੰਧੀ ਪਹਿਲਾ ਹੀ ਮਾਨਯੋਗ ਡਿਪਟੀ ਕਮਿਸ਼ਨਰ ਪਟਿਆਲਾ ਜੀ ਨੂੰ ਖੁਦ ਪੱਤਰ ਲਿਖ ਚੁੱਕਾ ਹਾ। " ਅਸ਼ੋਕ ਅਰੌੜਾ ਉਕਤ ਨੇ ਆਪਣੇ ਬਿਆਨ ਵਿੱਚ ਲਿਖਵਾਇਆ ਕਿ ਮੈ ਉਕਤ ਦਰਖਾਸਤ ਦੀ ਪੜਤਾਲ ਦੇ ਸਬੰਧ ਵਿੱਚ ਮੇਰੀ ਨੂੰਹ ਵੰਦਨਾ ਅਰੌੜਾ ਵੱਲੋ ਮੈਨੂੰ ਪਾਵਰ ਆਫ ਅਟਾਰਨੀ ਦਿੱਤੀ ਗਈ ਹੈ ,ਜਿਸ ਦੇ ਅਧਾਰ ਮੈ ਸ਼ਾਮਲ ਦਰਖਾਸਤ ਪੜਤਾਲ ਹੋਇਆਂ ਹੈ ਅਤੇ ਪਾਵਰ ਆਫ ਅਟਾਰਨੀ ਦੀ ਫੋਟੋ ਕਾਪੀ ਆਪ ਜੀ ਦੇ ਪੇਸ਼ ਕਰਦਾ ਹਾਂ। ਮੇਰੀ ਨੂੰਹ ਵੰਦਨਾ ਅਰੌੜਾ ਪਤਨੀ ਰੋਬਿਨ ਅਰੌੜਾ ਵਾਸੀ ਮਕਾਨ ਨੰਬਰ 145 ਪ੍ਰੀਤ ਵਿਹਾਰ ਨਾਭਾ,ਜਿਲਾ ਪਟਿਆਲਾ ਨੇ ਇੱਕ ਪਲਾਟ ਖੇਵਟ ਨੰਬਰ 995/963 ਖਤੋਨੀ ਨੰਬਰ 1564 ਖਸਰਾ ਨੰਬਰਾਨ 325/2 ਮਿਨ(4-2),325/1/2/4/2(8-7),326 (7-4) ਕਿੱਤੇ 3 ਕੁੱਲ ਤੇਦਾਦੀ 19 ਕਨਾਲ 13 ਮਰਲੇ ਵਿੱਚੋ 16-1/2 ਮਰਲੇ ਯਾਨੀ 500 ਗਜ ਵਾਕਾ ਪ੍ਰੀਤ ਵਿਹਾਰ ਤਹਿਸੀਲ ਨਾਭਾ ਜਿਲਾ ਪਟਿਆਲਾ ਖਰੀਦ ਕਰਨ ਲਈ ਬਿਆਨਾ ਮਿਤੀ 17.8.2020 ਨੂੰ ਹਰਭਜਨ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਮਕਾਨ ਨੰਬਰ 158 ਪ੍ਰੀਤ ਵਿਹਾਰ ਨਾਭਾ ਨਾਲ 83 ਲੱਖ ਵਿੱਚ ਸੌਦਾ ਕੀਤਾ ਸੀ ਉਸ ਸਮੇ ਬਤੋਰ ਬਿਆਨਾ ਰਕਮ 20 ਲੱਖ ਰੁਪਏ ਦਿੱਤੇ ਸੀ ਅਤੇ ਉਕਤ ਪਲਾਟ ਦੀ ਰਜਿਸਟਰੀ ਦਾ ਟਾਇਮ ਮਿਤੀ 30.12.2021 ਦਾ ਰੱਖਿਆ ਗਿਆ ਸੀ ।ਫਿਰ ਮਿਤੀ 30.12.2021 ਨੂੰ ਮੇਰੀ ਨੂੰਹ ਵੰਦਨਾ ਅਰੌੜਾ ਨੇ ਬਾਕੀ ਬਚਦੀ ਰਕਮ 63 ਲੱਖ ਰੁਪਏ ਵਿੱਚੋ 22 ਲੱਖ 50 ਹਜ਼ਾਰ ਚੈਕ ਰਾਹੀ ਅਤੇ ਬਾਕੀ ਰਕਮ ਨਗਦ ਕੈਸ਼ ਹਰਭਜਨ ਸਿੰਘ ਉਕਤ ਤੇ ਉਸ ਦੇ ਲੜਕੇ ਇਕਬਾਲ ਸਿੰਘ ਅਤੇ ਹਰਪ੍ਰੀਤ ਸਿੰਘ ਦੀ ਹਾਜ਼ਰੀ ਵਿੱਚ ਦਿੱਤੇ ਸੀ, ਜਿਸ ਦੀ ਰਜਿਸਟਰੀ ਰਾਹੀ ਵਸੀਕਾ ਨੰਬਰ 2021-22/77/1/2776 ਮਿਤੀ 30.12.2021 ਨੂੰ ਕਰਵਾ ਲਈ ਸੀ ਅਤੇ ਜਿਸ ਦਾ ਇੰਤਕਾਲ ਨੰਬਰ 39474 ਮਿਤੀ 28.2.2022 ਦਰਜ ਹੋ ਕਿ ਮਿਤੀ 14.3.2022 ਨੂੰ ਮੰਨਜ਼ੂਰ ਹੋ ਗਿਆ ਸੀ । ਇਸ ਤੋ ਬਾਅਦ ਮੇਰੀ ਨੂੰਹ ਵੰਦਨਾ ਅਰੌੜਾ ਨੇ ਉਕਤ ਪਲਾਟ ਵਿੱਚੋ 200 ਗੱਜ ਰਕਬਾ ਕ੍ਰਿਸ਼ਨ ਲਾਲ ਵਰਮਾ ਪੁੱਤਰ ਸ਼੍ਰੀ ਦੁਰਗਾ ਦਾਸ ਵਾਸੀ ਮਕਾਨ ਨੰਬਰ 150 ਪ੍ਰੀਤ ਵਿਹਾਰ ਕਲੌਨੀ ,ਨਾਭਾ ਜਿਲਾ ਪਟਿਆਲਾ ਨੂੰ ਵੇਚ ਦਿੱਤਾ ਸੀ ਅਤੇ ਬਾਕੀ ਬਚਦਾ 300 ਗਜ ਰਕਬਾ ਮੇਰੀ ਨੂੰਹ ਵੰਦਨਾ ਅਰੋੜਾ ਨੇ ਆਪਣੇ ਘਰਵਾਲੇ (ਮੇਰੇ ਲੜਕੇ ) ਰੋਬਿਨ ਅਰੌੜਾ ਪੁੱਤਰ ਸ਼੍ਰੀ ਅਸ਼ੋਕ ਅਰੋੜਾ ਨੂੰ ਤਬਦੀਲ ਮਲਕੀਅਤ ਕੀਤਾ ਹੈ ।ਸਾਨੂੰ ਬਾਅਦ ਵਿੱਚ ਪਤਾ ਲੱਗਾ ਹੈ ਕਿ ਮੇਰੀ ਨੂੰਹ ਵੰਦਨਾ ਅਰੌੜਾ ਉਕਤ ਵੱਲੋ ਹਰਭਜਨ ਸਿੰਘ ਉਕਤ ਪਾਸੋ ਖਰੀਦੇ ਕੀਤੇ 500 ਗਜ ਪਲਾਟ ਵਿੱਚੋ 250 ਗਜ ਦਾ ਰਕਬਾ ਹਰਭਜਨ ਸਿੰਘ ਉਕਤ ਨੇ ਇੱਕ ਜਾਅਲੀ ਵਸੀਕਾ ਨੰਬਰ 3251 ਮਿਤੀ 6.07.2009 ਤਿਆਰ ਕਰਵਾ ਕੇ ਆਪਣੇ ਨਾਮ ਕਰਵਾਇਆਂ ਹੋਇਆ ਹੈ।ਜਿਸ ਸਬੰਧੀ ਸਾਨੂੰ ਪਹਿਲਾ ਕੋਈ ਵੀ ਜਾਣਕਾਰੀ ਨਹੀ ਸੀ।ਜਿਹਨਾ ਦੇ ਬਿਆਨ ਵਾਚਣ ਹਿੱਤ ਨਾਲ ਲਫ ਹਨ।ਪੜਤਾਲੀਆ ਰਿਪੋਰਟ:-ਮੇਰੇ ਵੱਲੋ ਕੀਤੀ ਗਈ ਹੁਣ ਤੱਕ ਦੀ ਦਰਖਾਸਤ ਪੜਤਾਲ ਤੋ ਪਾਇਆ ਗਿਆ ਹੈ ਕਿ ਦਰਖਾਸਤ ਕਰਤਾ ਹਰਲਵਲੀਨ ਸਿੰਘ ਉਕਤ ਦੇ ਪਿਤਾ

ਸ.ਨਵਤੇਜ ਸਿੰਘ ਨੂੰ ਇੱਕ ਪਲਾਟ ਖੇਵਟ ਨੰਬਰ 936 ਖਤੋਨੀ ਨੰਬਰ 15022 ਖਸਰਾ ਨੰਬਰ 326(7-4) ,325 // 1/2/4/2 (8-7),325/2ਮਿਨ(4-2) ਕੁੱਲ ਕਿਤੇ 3 ਤਦਾਦੀ 19 ਕਨਾਲ 13 ਮਰਲੇ ਵਿੱਚੋ 8/393 ਹਿੱਸਾ ਜੋ ਕਿ 8 ਮਰਲੇ ਵਾਕਾ ਰਕਬਾ ਨਾਭਾ ਕੁੱਲ 250 ਗੱਜ ਉਸਦੀ ਦਾਦੀ ਭਾਗ ਕੋਰ ਪਤਨੀ ਸ.ਇਕਬਾਲ ਸਿੰਘ ਪੁੱਤਰ ਮਾਹਾ ਸਿੰਘ ਨੇ ਰਾਹੀ ਵਸੀਕਾ ਨੰਬਰ 1746 ਮਿਤੀ 29.6.2000 ਬੈ ਕੀਤਾ ਸੀ ਜਿਸ ਦਾ ਇੰਤਕਾਲ ਨੰਬਰ 18730 ਮਿਤੀ 30.8.2000 ਮੰਨਜੂਰ ਹੋ ਗਿਆ ਸੀ।ਨਵਤੇਜ ਸਿੰਘ ਦੀ ਮੌਤ ਤੋਂ ਬਾਅਦ ਜਦੋਂ ਉਸ ਦੇ ਵਾਰਸਾ ਨੇ ਉਸ ਦੀ ਜਾਇਦਾਦ ਦਾ ਆਪਸ ਵਿੱਚ ਵੰਡ ਕਰਨ ਲੱਗੇ ਤਾ ਉਹਨਾ ਨੂੰ ਪਤਾ ਲੱਗਿਆ ਕਿ ਉਹਨਾ ਦੇ ਪਿਤਾ ਨਵਤੇਜ ਸਿੰਘ ਨੇ ਉਕਤ ਪਲਾਟ ਹਰਭਜਨ ਸਿੰਘ ਉਕਤ ਨੂੰ ਵੇਚ ਦਿੱਤਾ ਹੈ ।ਦ/ਕ ਹਰਲਵਲੀਨ ਸਿੰਘ ਨੇ ਉਕਤ ਪਲਾਟ ਦੀ ਪੜਤਾਲ ਕੀਤੀ,ਕਿਉਕੀ ਉਸ ਦੇ ਪਿਤਾ ਨਵਤੇਜ ਸਿੰਘ ਨੇ ਉਕਤ ਪਲਾਟ ਕਿਸੇ ਨੂੰ ਨਹੀ ਵੇਚਿਆ ਸੀ,ਤਾਂ ਪਤਾ ਲੱਗਿਆ ਕਿ ਹਰਭਜਨ ਸਿੰਘ ਉਕਤ ਨੇ ਇੱਕ ਜਾਅਲੀ ਵਸੀਕਾ ਨੰਬਰ 3251 ਮਿਤੀ 6.7.2009 ਤਦਾਦੀ ਰਕਬਾ 8 ਮਰਲੇ (250 ਗੱਜ) ਜੋ 13,25000/- ਰੁਪਏ ਵਿੱਚ ਉਸ ਦੇ ਪਿਤਾ ਸ਼ ਨਵਤੇਜ ਸਿੰਘ ਪਾਸੋ ਖਰੀਦ ਕੀਤਾ ਹੈ।ਜਦੋ ਉਕਤ ਪਲਾਟ ਸਬੰਧੀ ਮਾਲ ਵਿਭਾਗ ਦਾ ਰਿਕਾਰਡ ਚੈਕ ਕਰਵਾਇਆ ਤਾ ਪਤਾ ਲੱਗਿਆ ਕਿ ਉਕਤ ਪਲਾਟ ਦਾ ਇੰਤਕਾਲ ਰਾਹੀ ਰਪਟ ਨੰਬਰ 856 ਮਿਤੀ 3.8.2020 ਵੱਲੋ ਪਟਵਾਰੀ/ਕਾਨਗੋ ਰਘਵੀਰ ਸਿੰਘ ਵੱਲੋਂ ਦਰਜ ਕਰਕੇ ਰਪਟ ਦੇ ਅਧਾਰ ਤੇ ਨਾਇਬ ਤਹਿਸੀਲਦਾਰ ਨਾਭਾ ਕਰਮਜੀਤ ਸਿੰਘ ਪਾਸੋ ਇੰਤਕਾਲ ਨੰਬਰ 37670 ਮਿਤੀ 31.8.2020 ਨੂੰ ਮੰਨਜੂਰ ਕਰਵਾ ਲਿਆ ਅਤੇ ਅੱਗੇ ਉਸ ਪਲਾਟ ਨੂੰ ਵੰਦਨਾ ਅਰੋੜਾ ਪਤਨੀ ਰੋਬਿਨ ਅਰੋੜਾ ਪੁੱਤਰ ਅਸ਼ੋਕ ਅਰੋੜਾ ਵਾਸੀ ਮਕਾਨ ਨੰਬਰ 184 ਪ੍ਰੀਤ ਵਿਹਾਰ ਨਾਭਾ, ਜਿਲਾ ਪਟਿਆਲਾ ਨੂੰ ਰਾਹੀ ਵਸੀਕਾ ਨੰਬਰ 2021-22/77/1/2776 ਮਿਤੀ 30.12.2021 ਨੂੰ ਵੇਚ ਦਿੱਤਾ ਹੈ ਅਤੇ ਜਿਸ ਦਾ ਇੰਤਕਾਲ ਨੰਬਰ 39474 ਮਿਤੀ 28.2.2022 ਨੂੰ ਦਰਜ ਅਤੇ ਮਿਤੀ 14.3.2022 ਨੂੰ ਮੰਨਜੂਰ ਹੋ ਚੁੱਕਾ ਹੈ।ਮਿਤੀ 13.1.2022 ਨੂੰ ਹਰਭਜਨ ਸਿੰਘ ਉਕਤ ਦੀ ਮੌਤ ਹੋ ਚੁੱਕੀ ਹੈ।ਵਸੀਕਾ ਨੰਬਰ 2776 ਮਿਤੀ 30.12.2021 ਉਕਤ ਵੰਦਨਾ ਅਰੋੜਾ ਪਤਨੀ ਰੋਬਿਨ ਅਰੋੜਾ ਨੇ ਸਭ ਕੁੱਝ ਜਾਣਦੇ ਹੋਏ ਖਰੀਦੀਆਂ ਹੈ ਕਿ ਉਕਤ ਪਲਾਟ ਦਾ ਮਾਲਕ ਹਰਭਜਨ ਸਿੰਘ ਨਹੀ ਹੈ,ਕਿਉਕੀ ਵੰਦਨਾ ਅਰੋੜਾ ਉਕਤ ਹਰਭਜਨ ਸਿੰਘ ਦੇ ਗੁਆਂਢ ਵਿੱਚ ਹੀ ਰਹਿੰਦੀ ਹੈ।ਉਸ ਵਕਤ ਬਲਵਿੰਦਰ ਸਿੰਘ ਪਟਵਾਰੀ ਬਿਮਾਰ ਹੋਣ ਕਾਰਨ ਛੁੱਟੀ ਪਰ ਸੀ ਤੇ ਉਸ ਦੇ ਹਲਕੇ ਦਾ ਪਟਵਾਰੀ ਦਾ ਚਾਰਜ ਹਲਕਾ ਨਾਭਾ ਦੇ ਕਾਨੰਗੋ ਰਘਵੀਰ ਸਿੰਘ ਪਾਸ ਸੀ।ਹਰਭਜਨ ਸਿੰਘ ਉਕਤ ਨੇ ਰਘਵੀਰ ਸਿੰਘ ਪਟਵਾਰੀ/ਕਾਨੂੰਗੋ ਨਾਲ ਸਾਜਬਾਜ ਹੋ ਕੇ ਜਾਅਲੀ ਵਸੀਕਾ ਨੰਬਰ 3251 ਮਿਤੀ 6.7.2009 ਨਾਲ ਆਪਣੇ ਨਾਮ ਦਰਜ ਕਰਵਾਇਆ ਹੈ ,ਜੋ ਇਹ ਵਸੀਕਾ ਮਾਲ ਵਿਭਾਗ ਦੇ ਰਿਕਾਰਡ ਮੁਤਾਬਿਕ ਕਰਮ ਸਿੰਘ ਉਰਫ ਕਰਮਜੀਤ ਸਿੰਘ ਦਾ ਅਮਰੀਕ ਸਿੰਘ ਪੁੱਤਰਾਨ ਖੁਸ਼ੀਆ ਉਰਫ ਖੁਸ਼ੀਆਂ ਸਿੰਘ ਪੁੱਤਰ ਸ਼ਾਮ ਸਿੰਘ ਉਰਫ ਸ਼ਿਆਮ ਸਿੰਘ ਵਾਸੀਆਨ ਪਿੰਡ ਨੋਹਰਾ ਤਹਿਸੀਲ ਨਾਭਾ ਵੱਲੋ ਆਂਪਣੇ ਹਿੱਸੇ ਵਿੱਚ 4 ਵਿਘੇ ਰਕਬਾ ਪਿੰਡ ਨੋਹਰਾ 5 ਲੱਖ ਰੁਪਏ ਵਿੱਚ ਬਾਹਕ ਮਲਕੀਤ ਸਿੰਘ ਪੁੱਤਰ ਉਜਾਗਰ ਸਿੰਘ ਪੁੱਤਰ ਮੁੱਖਤਿਆਰ ਸਿੰਘ ਵਾਸੀ ਪਿੰਡ ਨੋਹਰਾ ਪਾਸ ਵੇਚੀ ਗਈ ਹੈ ।ਜੋ ਹਰਭਜਨ ਸਿੰਘ ਨੇ ਪਟਵਾਰੀ /ਕਾਨੂੰਗੋ ਰਘਵੀਰ ਸਿੰਘ ਨਾਲ ਮਿਲ ਕੇ ਜਾਅਲੀ/ਫਰਜੀ ਵਸੀਕਾ ਨੰਬਰ 3251 ਉਕਤ ਤਿਆਰ ਕਰਕੇ ਰੂਟੀਨ/ਵਿਸ਼ਵਾਸ਼ ਵਿੱਚ ਨਾਇਬ ਤਹਿਸੀਲਦਾਰ ਕਰਮਜੀਤ ਸਿੰਘ ਪਾਸੋ ਮਿਤੀ 31.8.2020 ਨੂੰ ਮੰਨਜੂਰ ਕਰਵਾਇਆ ਹੈ,ਜਿਸ ਦਾ ਰਿਕਾਰਡ ਨਾਲ ਲਫ ਹੈ ।ਹਰਭਜਨ ਸਿੰਘ,ਉਸ ਦੇ ਲੜਕੇ ਹਰਪ੍ਰੀਤ ਸਿੰਘ ਅਤੇ ਇਕਬਾਲ ਸਿੰਘ ਉਕਤਾਨ ਨੇ ਉਕਤ ਪਲਾਟ ਆਪਣੀ ਗੁਆਂਢੀ ਵੰਧਨਾ ਅਰੋੜਾ ਉਕਤ ਨੂੰ ਸਸਤੇ ਰੇਟ ਵਿੱਚ ਵੇਚ ਕੇ ਪੈਸੇ ਵਸੂਲ ਕੀਤੇ ਹਨ ਤੇ ਵੰਧਨਾ ਅਰੋੜਾ ਦੇ ਸੁਹਰੇ ਅਸ਼ੋਕ ਅਰੋੜਾ ਨੇ ਆਪਣੇ ਬਿਆਨ ਵਿੱਚ ਵੀ ਲਿਖਾਇਆਂ ਹੈ

ਕਿ ਉਕਤ ਪਲਾਟ ਦੀ ਖਰੀਦ ਕਰਨ ਸਮੇ ਉਸ ਨੇ ਬਣਦੀ ਰਕਮ ਹਰਭਜਨ ਸਿੰਘ ਅਤੇ ਉਸ ਦੇ ਦੋਵੇ ਲੜਕੇ ਹਰਪ੍ਰੀਤ ਸਿੰਘ ਅਤੇ ਇਕਬਾਲ ਸਿੰਘ ਨੂੰ ਦਿੱਤੀ ਹੈ।ਜਿਸ ਦਾ ਬਿਆਨ ਨਾਲ ਲਫ ਹੈ ।ਸਿੱਟਾ ਰਿਪੋਰਟ:-ਮੇਰੇ ਵੱਲੋ ਹੁਣ ਤੱਕ ਦੀ ਕੀਤੀ ਗਈ ਖੁਫੀਆ ਵਾ ਐਲਾਨੀਆਂ ਪੜਤਾਲ ਲਿਖੇ ਬਿਆਨਾਤ ਅਤੇ ਸਫਾ ਪੜਤਾਲ ਤੇ ਇੱਕਠੀ ਹੋਈ ਦਸਤਾਵੇਜ਼ੀ ਸ਼ਹਾਦਤ ਤੇ ਮੇਰੇ ਵੱਲੋ ਦੋਵਾ ਧਿਰਾ ਨੂੰ ਸੁਣਨ ਤੋਂ ਬਾਅਦ ਮੈਂ ਇਸ ਸਿੱਟੇ ਤੇ ਪੁੱਜਾ ਹਾਂ ਕੇ ਵਿਰੋਧੀ ਧਿਰ ਹਰਭਜਨ ਸਿੰਘ ਨੇ ਪਟਵਾਰੀ/ਕਾਨੂੰਗੋ ਰਘਵੀਰ ਸਿੰਘ ਉਕਤ ਨਾਲ ਮਿਲ ਜਾਅਲੀ ਵਸੀਕਾ ਨੰਬਰ ਉਕਤ ਤਿਆਰ ਕਰਕੇ ਨਾਇਬ ਤਹਿਸੀਲਦਾਰ ਕਰਮਜੀਤ ਸਿੰਘ ਉਕਤ ਨੂੰ ਭਰੋਸੇ ਵਿੱਚ ਲੈ ਕੇ ਇੰਤਕਾਲ ਮੰਨਜੂਰ ਕਰਵਾਇਆਂ ਹੈ ।ਜੋ ਨਾਇਬ ਤਹਿਸੀਲਦਾਰ ਕਰਮਜੀਤ ਸਿੰਘ ਉਕਤ ਦੀ ਕੋਈ ਸ਼ਮੂਲੀਅਤ ਸਾਹਮਣੇ ਨਹੀ ਆਈ। ਹਰਭਜਨ ਸਿੰਘ, ਉਸਦੇ ਲੜਕੇ ਇਕਬਾਲ ਸਿੰਘ ਅਤੇ ਹਰਪ੍ਰੀਤ ਸਿੰਘ ਨੇ ਮਿਲ ਕੇ ਜਾਅਲੀ ਮਲਕੀਅਤ ਵਾਲੇ ਉਕਤ ਪਲਾਟ ਨੂੰ ਅੱਗੇ ਉਹਨਾ ਦੀ ਗੁਆਢੀ ਵੰਧਨਾ ਅਰੋੜਾ ਨੂੰ ਸਸਤੇ ਰੇਟ ਵਿੱਚ ਵੇਚਿਆ ਹੈ।ਜਿਸ ਤੋ ਹਰਭਜਨ ਸਿੰਘ ਉਕਤ(ਮੌਤ ਹੋ ਚੁੱਕੀ ਹੈ), ਉਸਦੇ ਲੜਕੇ ਇਕਬਾਲ ਸਿੰਘ ਅਤੇ ਹਰਪ੍ਰੀਤ ਸਿੰਘ,ਰਘਵੀਰ ਸਿੰਘ ਪਟਵਾਰੀ/ਕਾਨੂੰਗੋ ਅਤੇ ਵੰਧਨਾ ਅਰੋੜਾ ਦੀ ਮਿਲੀ ਭੁਗਤ ਨਾਲ ਦ/ਕ ਹਰਲਵਲੀਨ ਸਿੰਘ ਦੇ ਪਿਤਾ ਨਵਤੇਜ ਸਿੰਘ ਦੇ ਪਲਾਟ ਨੂੰ ਜਾਅਲੀ ਦਸਤਾਵੇਜ਼ਾਂ ਦੇ ਅਧਾਰ ਤੇ ਹੱੜਪ ਕੀਤਾ ਹੈ ।ਜੋ ਪੜਤਾਲ ਰਿਪੋਰਟ ਤੇ ਮਾਨਯੋਗ ਡੀ.ਏ.ਲੀਗਲ ਸਾਹਿਬ ਪਟਿਆਲਾ ਪਾਸੋ ਰਾਏ ਹਾਸਲ ਕਰਕੇ ਮੁੱਖ ਅਫਸਰ ਥਾਣਾ ਕੋਤਵਾਲੀ ਨਾਭਾ ਨੂੰ ਯੋਗ ਹੁਕਮ ਫਰਮਾਇਆ ਜਾਵੇ ।ਰਿਪੋਰਟ ਪੇਸ਼ ਹੈ ਜੀ,SDਉਪ ਕਪਤਾਨ ਪੁਲਿਸ,ਟ੍ਰੈਫਿਕ ਪਟਿਆਲਾ ।ਜਿਸ ਪਰ ਸ੍ਰੀਮਾਨ ਸੀਨੀਅਰ ਕਪਤਾਨ ਪੁਲਿਸ ਪਟਿਆਲਾ ਜੀ ਨੇ ਰਾਹੀ ਨੰਬਰ 11188+11408+9955/ਪੇਸ਼ੀ+4301/OP ਮਿਤੀ 22-03-23 ਨਾਲ DA ਸਾਹਿਬ ਪਟਿਆਲਾ ਜੀ ਨੂੰ ਲਿਖਿਆ,"DOA-Legal for opinion"ਜਿਸ ਪਰ DA ਸਾਹਿਬ ਪਟਿਆਲਾ ਜੀ ਵੱਲੋ ਆਪਣੀ ਰਿਪੋਰਟ ਵਿਚ ਲਿਖਿਆ ਹੈ ਕਿ,"ਵਿਸ਼ਾ:-ਦਰਖਾਸਤ ਨੰਬਰ 11188/ਪੇਸ਼ੀ/22,9955/ਪੇਸ਼ੀ/22,4301/ਓ.ਪੀ/2022,11408/ਪੇਸ਼ੀ/22 ਮਿਤੀ 22-03-2023 ਵੱਲੋ ਹਰਲਵਲੀਨ ਸਿੰਘ ਪੁੱਤਰ ਲੇਟ ਸ.ਨਵਤੇਜ ਸਿੰਘ ਵਾਸੀ ਮਕਾਨ ਨੰਬਰ 20-ਡੀ ਮਾਡਲ ਟਾਊਨ ਜਿਲਾ ਪਟਿਆਲਾ ਸਬੰਧੀ।ਮੈਂ ਵਿਸ਼ਾ ਅਧੀਨ ਦਸਤਾਵੇਜ਼ ਚੰਗੀ ਤਰ੍ਹਾਂ ਵਿੱਚ ਲਏ ਹਨ। ਪੜਤਾਲੀਆ ਅਫਸਰ ਦੀ ਰਿਪੋਰਟ ਅਨੁਸਾਰ ਦਰਖਾਸਤ ਕਰਤਾ ਹਰਲਵਲੀਨ ਸਿੰਘ ਪਿਤਾ ਸ ਨਵਤੇਜ ਸਿੰਘ ਨੂੰ ਇੱਕ ਪਲਾਟ ਖੇਵਟ ਨੰਬਰ 936 ਖਤੋਨੀ ਨੰਬਰ 15022 ਖਸਰਾ ਨੰਬਰ 326(7-4) ,325 // 1/2/4/2 (8-7), 325/2ਮਿਨ(4-2) ਕੁੱਲ ਕਿਤੇ 3 ਤਦਾਦੀ 19 ਕਨਾਲ 13 ਮਰਲੇ ਵਿੱਚੋ 8/393 ਹਿੱਸਾ ਜੋ ਕਿ 8 ਮਰਲੇ ਵਾਕਾ ਰਕਬਾ ਨਾਭਾ ਕੁੱਲ 250 ਗੱਜ ਉਸਦੀ ਦਾਦੀ ਭਾਗ ਕੋਰ ਪਤਨੀ ਇਕਬਾਲ ਸਿੰਘ ਪੁੱਤਰ ਮਾਹਾ ਸਿੰਘ ਨੇ ਰਾਹੀ ਵਸੀਕਾ ਨੰਬਰ 1746 ਮਿਤੀ 29.6.2000 ਬੈਅ ਕੀਤਾ ਸੀ ਜਿਸ ਦਾ ਇੰਤਕਾਲ ਨੰਬਰ 18730 ਮਿਤੀ 30.8.2000 ਮੰਨਜੂਰ ਹੋ ਗਿਆ ਸੀ।ਨਵਤੇਜ ਸਿੰਘ ਦੀ ਮੌਤ ਤੋਂ ਬਾਅਦ ਜਦੋਂ ਉਸ ਦੇ ਵਾਰਸਾ ਨੇ ਉਸ ਦੀ ਜਾਇਦਾਦ ਦਾ ਆਪਸ ਵਿੱਚ ਵੰਡ ਕਰਨ ਲੱਗੇ ਤਾ ਉਹਨਾ ਨੂੰ ਪਤਾ ਲੱਗਿਆ ਕਿ ਉਹਨਾ ਪਿਤਾ ਨਵਤੇਜ ਸਿੰਘ ਨੇ ਉਕਤ ਪਲਾਟ ਹਰਭਜਨ ਸਿੰਘ ਉਕਤ ਨੂੰ ਵੇਚ ਦਿੱਤਾ ਹੈ।ਪੜਤਾਲੀਆ ਅਫਸਰ ਦੀ ਰਿਪੋਰਟ ਅਨੁਸਾਰ ਦਰਖਾਸਤ ਕਰਤਾ ਹਰਲਵਲੀਨ ਸਿੰਘ ਵੱਲੋਂ ਪੜਤਾਲ ਕਰਨ ਤੇ ਪਤਾ ਲੱਗਿਆ ਕਿ ਹਰਭਜਨ ਸਿੰਘ ਉਕਤ ਨੇ ਇੱਕ ਜਾਹਲੀ ਵਸੀਕਾ ਨੰਬਰ 3251 ਮਿਤੀ 6.7.2009 ਤਦਾਦੀ ਰਕਬਾ 8 ਮਰਲੇ (250 ਗੱਜ) ਜੋ 13,25000/- ਰੁਪਏ ਵਿੱਚ ਉਸ ਦੇ ਪਿਤਾ ਸ. ਨਵਤੇਜ ਸਿੰਘ ਪਾਸੋ ਖਰੀਦ ਕੀਤਾ ਹੈ ਅਤੇ ਜਦੋਂ ਉਕਤ ਪਲਾਟ ਸਬੰਧੀ ਮਾਲ ਵਿਭਾਗ ਦਾ ਰਿਕਾਰਡ ਚੈਕ ਕਰਵਾਇਆ ਤਾ ਪਤਾ ਲੱਗਿਆ ਕਿ ਉਕਤ ਪਲਾਟ ਦਾ ਇੰਤਕਾਲ ਰਾਹੀ ਰਪਟ ਨੰਬਰ 856 ਮਿਤੀ 3.8.2020 ਵੱਲੋਂ ਪਟਵਾਰੀ/ਕਾਨਗੋ ਰਘਵੀਰ ਸਿੰਘ ਵੱਲੋਂ ਦਰਜ ਕਰਕੇ ਰਪਟ ਦੇ

ਅਧਾਰ ਤੇ ਨਾਇਬ ਤਹਿਸੀਲਦਾਰ ਨਾਭਾ ਕਰਮਜੀਤ ਸਿੰਘ ਪਾਸੋ ਇੰਤਕਾਲ ਨੰਬਰ 37670 ਮਿਤੀ 31.8.2020 ਨੂੰ ਮੰਨਜੂਰ ਕਰਵਾ ਲਿਆ ਅਤੇ ਅੱਗੇ ਉਸ ਪਲਾਟ ਨੂੰ ਵੰਦਨਾ ਅਰੋੜਾ ਪਤਨੀ ਰੋਬਿਨ ਅਰੋੜਾ ਪੁੱਤਰ ਅਸ਼ੋਕ ਅਰੋੜਾ ਵਾਸੀ ਮਕਾਨ ਨੰਬਰ 184 ਪ੍ਰੀਤ ਵਿਹਾਰ ਨਾਭਾ,ਜਿਲਾ ਪਟਿਆਲਾ ਨੂੰ ਰਾਹੀ ਵਸੀਕਾ ਨੰਬਰ 2021-22/77/1/2776 ਮਿਤੀ 30.12.2021 ਨੂੰ ਵੇਚ ਦਿੱਤਾ ਹੈ ਅਤੇ ਜਿਸ ਦਾ ਇੰਤਕਾਲ ਨੰਬਰ 39474 ਮਿਤੀ 28.2.2022 ਨੂੰ ਦਰਜ ਅਤੇ ਮਿਤੀ 14.3.2022 ਨੂੰ ਮੰਨਜੂਰ ਹੋ ਚੁੱਕਾ ਹੈ।ਪੜਤਾਲੀਆ ਅਫਸਰ ਦੀ ਰਿਪੋਰਟ ਅਨੁਸਾਰ ਮਿਤੀ 13.1.2022 ਨੂੰ ਹਰਭਜਨ ਸਿੰਘ ਦੀ ਮੌਤ ਹੋ ਚੁੱਕੀ ਹੈ। ਵਸੀਕਾ ਨੰਬਰ 2776 ਮਿਤੀ 30.12.2021 ਉਕਤ ਵੰਦਨਾ ਅਰੋੜਾ ਪਤਨੀ ਰੋਬਿਨ ਅਰੋੜਾ ਨੇ ਸਭ ਕੁੱਝ ਜਾਣਦੇ ਹੋਏ ਖਰੀਦਿਆ ਹੈ ਕਿ ਉਕਤ ਪਲਾਟ ਦਾ ਮਾਲਕ ਹਰਭਜਨ ਸਿੰਘ ਨਹੀ ਹੈ ਕਿਉਂਕਿ ਵੰਦਨਾ ਅਰੋੜਾ ਉਕਤ ਹਰਭਜਨ ਸਿੰਘ ਦੇ ਗੁਆਂਢ ਵਿੱਚ ਹੀ ਰਹਿੰਦੀ ਹੈ। ਉਸ ਵਕਤ ਬਲਵਿੰਦਰ ਸਿੰਘ ਪਟਵਾਰੀ ਬਿਮਾਰ ਹੋਣ ਕਾਰਨ ਛੁੱਟੀ ਪਰ ਸੀ ਤੇ ਉਸ ਦੇ ਹਲਕੇ ਦਾ ਪਟਵਾਰੀ ਦਾ ਚਾਰਜ ਹਲਕਾ ਨਾਭਾ ਦੇ ਕਾਨੰਗੋ ਰਘਵੀਰ ਸਿੰਘ ਪਾਸ ਸੀ। ਹਰਭਜਨ ਸਿੰਘ ਉਕਤ ਨੇ ਰਘਵੀਰ ਸਿੰਘ ਪਟਵਾਰੀ/ਕਾਨੂੰਗੋ ਨਾਲ ਸਾਜਬਾਜ ਹੋ ਕੇ ਜਾਹਲੀ ਵਸੀਕਾ ਨੰਬਰ 3251 ਮਿਤੀ 6.7.2009 ਨਾਲ ਆਪਣੇ ਨਾਮ ਦਰਜ ਕਰਵਾਇਆ ਹੈ ਜੋ ਇਹ ਵਸੀਕਾ ਮਾਲ ਵਿਭਾਗ ਦੇ ਰਿਕਾਰਡ ਮੁਤਾਬਿਕ ਕਰਮ ਸਿੰਘ ਉਰਫ ਕਰਮਜੀਤ ਸਿੰਘ ਵਾ ਅਮਰੀਕ ਸਿੰਘ ਪੁੱਤਰਾਨ ਖੁਸ਼ੀਆ ਉਰਫ ਖੁਸ਼ੀਆਂ ਸਿੰਘ ਪੁੱਤਰ ਸ਼ਾਮ ਸਿੰਘ ਉਰਫ ਸ਼ਿਆਮ ਸਿੰਘ ਵਾਸੀਆਨ ਪਿੰਡ ਨੋਹਰਾ ਤਹਿਸੀਲ ਨਾਭਾ ਵੱਲੋ ਆਂਪਣੇ ਹਿੱਸੇ ਵਿੱਚ 4 ਵਿਘੇ ਰਕਬਾ ਪਿੰਡ ਨੋਹਰਾ 5 ਲੱਖ ਰੁਪਏ ਵਿੱਚ ਬਾਹਕ ਮਲਕੀਤ ਸਿੰਘ ਪੁੱਤਰ ਉਜਾਗਰ ਸਿੰਘ ਪੁੱਤਰ ਮੁੱਖਤਿਆਰ ਸਿੰਘ ਵਾਸੀ ਪਿੰਡ ਨੋਹਰਾ ਪਾਸ ਵੇਚੀ ਗਈ ਹੈ ।ਜੋ ਹਰਭਜਨ ਸਿੰਘ ਨੇ ਪਟਵਾਰੀ /ਕਾਨੂੰਗੋ ਰਘਵੀਰ ਸਿੰਘ ਨਾਲ ਮਿਲ ਕੇ ਜਾਅਲੀ/ਫਰਜੀ ਵਸੀਕਾ ਨੰਬਰ 325। ਉਕਤ ਤਿਆਰ ਕਰਕੇ ਰੂਟੀਨ/ਵਿਸ਼ਵਾਸ਼ ਵਿੱਚ ਨਾਇਬ ਤਹਿਸੀਲਦਾਰ ਕਰਮਜੀਤ ਸਿੰਘ ਪਾਸੋ ਮਿਤੀ 31.8.2020 ਨੂੰ ਮੰਨਜੂਰ ਕਰਵਾਇਆ ਹੈ। ਹਰਭਜਨ ਸਿੰਘ, ਉਸ ਦੇ ਲੜਕੇ ਹਰਪ੍ਰੀਤ ਸਿੰਘ ਅਤੇ ਇਕਬਾਲ ਸਿੰਘ ਨੇ ਉਕਤ ਪਲਾਟ ਆਪਣੀ ਗੁਆਂਢੀ ਵੰਧਨਾ ਅਰੋੜਾ ਉਕਤ ਨੂੰ ਸਸਤੇ ਰੇਟ ਵਿੱਚ ਵੇਚ ਕੇ ਪੈਸੇ ਵਸੂਲ ਕੀਤੇ ਹਨ ਤੇ ਵੰਧਨਾ ਅਰੋੜਾ ਦੇ ਸੁਹਰੇ ਅਸ਼ੋਕ ਅਰੋੜਾ ਨੇ ਆਪਣੇ ਬਿਆਨ ਵਿੱਚ ਵੀ ਲਿਖਾਇਆਂ ਹੈ ਕਿ ਉਕਤ ਪਲਾਟ ਦੀ ਖਰੀਦ ਕਰਨ ਸਮੇਂ ਉਸ ਨੇ ਬਣਦੀ ਰਕਮ ਹਰਭਜਨ ਸਿੰਘ ਅਤੇ ਉਸ ਦੇ ਦੋਵੇ ਲੜਕੇ ਹਰਪ੍ਰੀਤ ਸਿੰਘ ਅਤੇ ਇਕਬਾਲ ਸਿੰਘ ਨੂੰ ਦਿੱਤੀ ਹੈ।ਪੜਤਾਲੀਆ ਅਫਸਰ ਦੀ ਰਿਪੋਰਟ ਅਨੁਸਾਰ ਵਿਰੋਧੀ ਧਿਰ ਹਰਭਜਨ ਸਿੰਘ ਨੇ ਪਟਵਾਰੀ/ਕਾਨੂੰਗੋ ਰਘਵੀਰ ਸਿੰਘ ਨਾਲ ਮਿਲ ਜਾਹਲੀ ਵਸੀਕਾ ਨੰਬਰ ਉਕਤ ਤਿਆਰ ਕਰਕੇ ਨਾਇਬ ਤਹਿਸੀਲਦਾਰ ਕਰਮਜੀਤ ਸਿੰਘ ਉਕਤ ਨੂੰ ਭਰੋਸੇ ਵਿੱਚ ਲੈ ਕੇ ਇੰਤਕਾਲ ਮੰਨਜੂਰ ਕਰਵਾਇਆਂ ਹੈ ਜੋ ਨਾਇਬ ਤਹਿਸੀਲਦਾਰ ਕਰਮਜੀਤ ਸਿੰਘ ਉਕਤ ਦੀ ਕੋਈ ਸ਼ਮੂਲੀਅਤ ਸਾਹਮਣੇ ਨਹੀਂ ਆਈ।ਹਰਭਜਨ ਸਿੰਘ,ਉਸਦੇ ਲੜਕੇ ਇਕਬਾਲ ਸਿੰਘ ਅਤੇ ਹਰਪ੍ਰੀਤ ਸਿੰਘ ਨੇ ਮਿਲ ਕੇ ਜਾਅਲੀ ਮਲਕੀਅਤ ਵਾਲੇ ਉਕਤ ਪਲਾਟ ਨੂੰ ਅੱਗੇ ਉਹਨਾ ਦੀ ਗੁਆਢੀ ਵੰਧਨਾ ਨੇ ਅਰੋੜਾ ਨੂੰ ਸਸਤੇ ਰੇਟ ਵਿੱਚ ਵੇਚਿਆ ਹੈ।ਜਿਸ ਤੋਂ ਹਰਭਜਨ ਸਿੰਘ (ਮੌਤ ਹੋ ਚੁੱਕੀ ਹੈ), ਉਸਦੇ ਲੜਕੇ ਇਕਬਾਲ ਸਿੰਘ ਅਤੇ ਹਰਪ੍ਰੀਤ ਸਿੰਘ, ਰਘਵੀਰ ਸਿੰਘ ਪਟਵਾਰੀ/ਕਾਨੂੰਗੋ ਅਤੇ ਵੰਧਨਾ ਅਰੋੜਾ ਦੀ ਮਿਲੀ ਭੁਗਤ ਨਾਲ ਦ/ਕ ਹਰਲਵਲੀਨ ਸਿੰਘ ਦੇ ਪਿਤਾ ਨਵਤੇਜ ਸਿੰਘ ਦੇ ਪਲਾਟ ਨੂੰ ਜਾਹਲੀ ਦਸਤਾਵੇਜ਼ਾਂ ਦੇ ਅਧਾਰ ਤੇ ਹੱੜਪ ਕੀਤਾ ਹੈ।ਮੈਂ ਪੜਤਾਲੀਆ ਅਫਸਰ ਦੀ ਰਿਪੋਰਟ ਨੂੰ ਡੂੰਘਾਈ ਨਾਲ ਵਾਚ ਲਿਆ ਹੈ। ਮੇਰੀ ਰਾਏ ਅਨੁਸਾਰ ਪੜਤਾਲੀਆ ਅਫਸਰ ਦੀ ਉਕਤ ਰਿਪੋਰਟ ਦੇ ਅਧਾਰ ਤੇ ਵਿਰੋਧੀ ਧਿਰ ਦੇ ਖਿਲਾਫ ਪਹਿਲੀ ਨਜ਼ਰੇ ਜੁਰਮ ਅਧੀਨ ਧਾਰਾ 420,465,467,468,471,120-ਬੀ ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਡੂੰਘਾਈ ਨਾਲ ਤਫਤੀਸ ਕੀਤੀ ਜਾਣੀ ਬਣਦੀ ਹੈ। ਤਫਤੀਸ ਦੌਰਾਨ ਸਫ਼ਾ ਮਿਸਲ ਤੇ

ਆਈ ਸਹਾਦਤ ਅਨੁਸਾਰ ਦੋਸ਼ਾ ਅਤੇ ਦੋਸ਼ੀਆ ਦਾ ਵਾਧਾ ਘਾਟਾ ਕੀਤਾ ਜਾ ਸਕਦਾ ਹੈ।ਰਿਪੋਰਟ ਪੇਸ਼ ਹੈ ਜੀ। SDਉਪ ਜਿਲ੍ਹਾ ਅਟਾਰਨੀ (ਲੀਗਲ), ਪਟਿਆਲਾ।SDਮਾਨਯੋਗ ਸੀਨੀਅਰ ਕਪਤਾਨ ਪੁਲਿਸ, ਪਟਿਆਲਾ।ਜਿਸ ਪਰ ਸ੍ਰੀਮਾਨ ਸੀਨੀਅਰ ਕਪਤਾਨ ਪੁਲਿਸ ਪਟਿਆਲਾ ਜੀ ਨੇ ਰਾਹੀ ਨੰਬਰ 11188+11408+9955/ਪੇਸ਼ੀ+4301/OP ਮਿਤੀ 22-03-23 ਲਿਖਿਆ ,“SHO Kotwali Nabha for N/A Sd/- Sr.Superintendent of Police PATIALA”ਦਰਖਾਸਤ ਹਜਾ ਸਮੇਤ ਪੜਤਾਲੀਆ ਰਿਪੋਰਟ ਮੋਸੂਲ ਹੋਣ ਪਰ ਮੁਕੱਦਮਾ ਉਕਤ ਬਾ ਜੁਰਮ ਉਕਤ ਬਰਖਿਲਾਫ ਇਕਬਾਲ ਸਿੰਘ ਪੁੱਤਰ ਲੇਟ ਹਰਭਜਨ ਸਿੰਘ ਵਾਸੀ ਮਕਾਨ ਨੰ 158 ਪ੍ਰੀਤ ਵਿਹਾਰ ਨਾਭਾ, ਹਰਪ੍ਰੀਤ ਸਿੰਘ ਪੁੱਤਰ ਲੇਟ ਹਰਭਜਨ ਸਿੰਘ ਵਾਸੀ ਮਕਾਨ ਨੰ 157 ਪ੍ਰੀਤ ਵਿਹਾਰ ਨਾਭਾ, ਵੰਦਨਾ ਔਰੜਾ ਪਤਨੀ ਰੋਬਿਨ ਔਰੜਾ ਵਾਸੀ ਮਕਾਨ ਨੰ 184 ਪ੍ਰੀਤ ਵਿਹਾਰ ਨਾਭਾ, ਰਘਵੀਰ ਸਿੰਘ ਪਟਵਾਰੀ/ਕਾਨੂੰਗੋ ਪੁੱਤਰ ਦਿਆਲ ਸਿੰਘ ਵਾਸੀ ਸਿਨੇਮਾ ਰੋਡ ਨਵੀ ਬਸਤੀ ਨਾਭਾ ਦੇ ਦਰਜ ਕਰਕੇ ਰਿਕਾਰਡ ਦੀ ਪੂਰਤੀ ਕਰਵਾਈ ਜਾ ਰਹੀ ਹੈ ਇੰਚਾਰਜ ਕੰਟਰੋਲ ਰੂਮ ਪਟਿਆਲਾ ਨੂੰ ਬਾਜਰੀਆ E-Mail ਇਤਲਾਹ ਦਿੱਤੀ ਜਾ ਰਹੀ ਹੈ । ਨਕਲਾਂ FIR's ਇਲਾਕਾ ਮੈਜਿਸਟ੍ਰੇਟ ਸਾਹਿਬ ਅਤੇ ਅਫਸਰਾਨ ਬਾਲਾ ਪੁਲਿਸ ਜੀ ਦੀ ਸੇਵਾ ਵਿੱਚ ਰਾਹੀ ਡਾਕ ਘੱਲੀਆ ਜਾਣਗੀਆ । ਮਿਸਲ ਮੁਕੱਦਮਾ ਸਮੇਤ ਅਸਲ ਦਰਖਾਸਤ ਅਤੇ ਪੜਤਾਲੀਆ ਰਿਪੋਰਟ ਅਗਲੀ ਤਫਤੀਸ ਲਈ ਬਾ ਹੁਕਮ ਮੁੱਖ ਅਫਸਰ ਥਾਣਾ ਹਵਾਲੇ ASI ਬਲਵਿੰਦਰ ਸਿੰਘ 41/SAS: ਦੇ ਕੀਤੀ ਜਾ ਰਹੀ ਹੈ GD No.20, Date 26.03.2023, At.18:30।

13 Action taken: Since the above information reveals commission of offence(s) u/s as mentioned at Item No. 2.
(ਕਾਰਵਾਈ : ਉਪਰੋਕਤ ਜਾਣਕਾਰੀ ਨਾਲ ਪਤਾ ਚੱਲਦਾ ਹੈਂ ਕਿ ਅਪਰਾਧ ਕਰਨ ਦਾ ਤਰੀਕਾ ਸੰ. ਨੰ 2 . ਵਿੱਚ ਦਰਸਾਈ ਧਾਰਾ ਦੇ ਤਹਿਤ ਹੈ):

(1) Registered the case and took up the investigation (ਕੇਸ ਦਰਜ ਕੀਤਾ ਗਿਆ ਅਤੇ ਪੜਤਾਲ ਨੂੰ ਲੈ ਲਿਆ): or (ਜਾਂ )

(2) Directed (Name of I.O.): (ਤਫਤੀਸ਼ੀ ਅਧਿਕਾਰੀ ਦਾ ਨਾਮ ): Balwinder Singh Rank (ਅਹੁਦਾ): Asst. SI (Assistant Sub-Inspector)
No(ਨੰ): 41/SAS to take up the Investigation (ਨੂੰ ਜਾਂਚ ਆਪ ਪਾਸ ਲੈਣ ਲਈ ਨਿਰਦੇਸ਼ ਦਿੱਤਾ ਗਿਆ) or(ਜਾਂ

(3) Refused investigation due to (ਕਿਸ ਕਾਰਨ ਕਰਕੇ ਇਨਕਾਰ ਕੀਤਾ) :

or (ਜਾਂ)

(4) Transferred to P.S. (ਥਾਣਾ): District (ਜ਼ਿਲ੍ਹਾ):

on point of jurisdiction (ਹੱਦਬੰਦੀ ਕਾਰਣ) .

F.I.R.read over to the complainant/informant,admitted to be correctly recorded and a copy given to the complainant/informant free of cost. (ਸ਼ਿਕਾਇਤਕਰਤਾ/ਸੂਚਨਾਕਰਤਾ ਨੂੰ ਪ੍ਰਾਥਮਿਕੀ ਪੜ੍ਹ ਕੇ ਸੁਣਾਈ ਗਈ ,ਸਹੀ ਦਰਜ ਹੋਇਆ ਮੰਨਿਆ ਅਤੇ ਇੱਕ ਕਾਪੀ ਮੁਫ਼ਤ ਸ਼ਿਕਾਇਤਕਰਤਾ ਨੂੰ ਦਿੱਤੀ ਗਈ |)

R.O.A.C.(ਆਰ.ਓ .ਏ .ਸੀ.)

14. Signature/Thumb impression of the complainant / informant (ਸ਼ਿਕਾਇਤਕਰਤਾ/ਸੂਚਨਾਕਰਤਾ ਦੇ ਹਸਤਾਖ਼ਰ / ਅੰਗੂਠੇ ਦਾ ਨਿਸ਼ਾਨ):

15. Date and time of dispatch to the court (ਅਦਾਲਤ ਵਿੱਚ ਪੇਸ਼ ਕਰਨ ਦੀ ਤਰੀਕ ਅਤੇ ਸਮਾਂ):

Signature of Officer in charge, Police Station
(ਥਾਣਾ ਪ੍ਰਭਾਰੀ ਦੇ ਹਸਤਾਖ਼ਰ)

Name(ਨਾਮ): Manmohan Singh
Rank (ਅਹੁਦਾ): Asst. SI (Assistant Sub-Insp
No(ਸੰ.): 2899/PTL

Attachment to item 7 of First Information Report (ਅੱਵਲ ਸੂਚਨਾ ਰਿਪੋਰਟ ਦੇ ਮਦ 7 ਸੰਲਗਨਕ):
Physical features, deformities and other details of the suspect/accused: ( If known / seen )
(ਸ਼ੱਕੀ ਮੁਲਜ਼ਮ ਦੀ ਸਰੀਰਕ ਵਿਸ਼ੇਸ਼ਤਾ,ਵਿਕਾਰ ਅਤੇ ਹੋਰ ਵੇਰਵਾ: (ਜੇਕਰ ਵਾਕਿਫ਼/ਦੇਖਿਆ ਗਿਆ ))

| S.No. (ਲੜੀ ਨੰ.) | Sex (ਲਿੰਗ) | Date/Year of Birth (ਜਨਮ ਮਿਤੀ/ਸਾਲ) | Build (ਬਣਾਵਟ) | Height (cms.) | Complexion (ਰੰਗ) | Identification Mark(s) (ਪਛਾਣ ਚਿੰਨ੍ਹ) |
|---|---|---|---|---|---|---|
| 1 | 2 | 3 | 4 | 5 | 6 | 7 |
| 1 | Male | | | | | Poxpitted: NO |
| 2 | Male | | | | | Poxpitted: NO |
| 3 | Female | | | | | Poxpitted: NO |
| 4 | Male | | | | | Poxpitted: NO |

| Deformities/ Peculiarities (ਵਿਕਾਰ / ਵਿਸ਼ੇਸ਼ਤਾ) | Teeth (ਦੰਦ) | Hair (ਵਾਲ) | Eyes (ਅੱਖਾਂ) | Habit(s) (ਆਦਤਾਂ) | Dress Habit(s) (ਪਹਿਰਾਵਾ) |
|---|---|---|---|---|---|
| 8 | 9 | 10 | 11 | 12 | 13 |
| | | | | | |
| | | | | | |
| | | | | | |
| | | | | | |

| Language /Dialect (ਭਾਸ਼ਾ/ਬੋਲੀ) | Place Of(ਦਾ ਸਥਾਨ) | | | | | Others (ਹੋਰ) |
|---|---|---|---|---|---|---|
| | Burn Mark (ਸੜੇ ਹੋਏ ਦਾ ਨਿਸ਼ਾਨ) | Leucoderma (ਚਿੱਟਾ ਰੋਗ) | Mole (ਮਹੁਕਾ) | Scar (ਜ਼ਖਮ) | Tattoo (ਗੁੱਦੇ ਹੋਏ ਦਾ) | |
| 14 | 15 | 16 | 17 | 18 | 19 | 20 |
| | | | | | | |
| | | | | | | |
| | | | | | | |
| | | | | | | |

These fields will be entered only if complainant/informant gives any one or more particulars about the suspect/accused. (ਇਹ ਖੇਤਰ ਤਦੇ ਦਰਜ ਕੀਤੇ ਜਾਣਗੇ ਜੇਕਰ ਸ਼ਿਕਾਇਤਕਰਤਾ / ਸੂਚਨਾਕਰਤਾ ਸ਼ੱਕੀ / ਮੁਲਜ਼ਮ ਦੇ ਬਾਰੇ ਕੋਈ ਇੱਕ ਜਾਂ ਵੱਧ ਜਾਣਕਾਰੀ ਦਿੰਦਾ ਹੈ |)